



www.PunjabiLibrary.com

ਮਹੀਨਾ ਜੂਨ ਸਾਲ 2005

## ਖੂਨੀ ਖੰਡਰ

ਕੰਡਕਟਰ ਦੀ ਸੀਟੀ ਸੁਣ ਅਚਾਨਕ ਮੇਰੀ ਅੱਖ ਖੁੱਲ ਗਈ , ਉੱਠ ਦੇਖਿਆ ਤਾਂ ਹੁਣ ਮੈਂ ਅਪਣੇ ਟਿਕਾਣੇ ਤੇ ਪਹੁੰਚ ਗਿਆ ਸੀ। ਖੁਦ ਨੂੰ ਪਤਾ ਵੀ ਨ੍ਹੀ ਸੀ ਲੱਗਾ ਕਦੋਂ ਬੱਸ ਵਿੱਚ ਬੈਠਿਆਂ ਨੂੰ ਨੀਂਦ ਆ ਗਈ ਸੀ। ਕੰਡਕਟਰ ਨੇ ਥੋੜ੍ਹਾ ਜਿਹਾ ਜਲਦੀ ਉਤਰਨ ਲਈ ਕਿਹਾ, ਕਿਉਂਕਿ ਉਹ ਪਹਿਲਾਂ ਹੀ ਅਪਣੇ ਨਿਸਚਤ ਸਮੇਂ ਤੋਂ ਦੇਰੀ ਨਾਲ ਚੱਲ ਰਹੇ ਸੀ।

ਅੱਜ ਮੈਂ ਬਹੁਤ ਖੁਸ਼ ਸੀ ਕਿਉਂਕਿ ਬਹੁਤ ਸਾਲਾਂ ਬਾਅਦ ਮੈਂ ਅਪਣੇ ਨਾਨਕੇ ਪਿੰਡ ਜਾ ਰਿਹਾ ਸੀ। ਮੇਰੇ ਨਾਨਕੇ ਪਿੰਡ ਬੱਸ ਨਹੀਂ ਸੀ ਜਾਂਦੀ ਕਿਉਂਕਿ ਉਹ ਪਿੰਡ ਬਹੁਤ ਛੋਟਾ ਹੈ, ਇਸੇ ਕਰਕੇ ਬੱਸ ਮੈਨੂੰ ਉਹਨਾਂ ਦੇ ਨਾਲ ਦੇ ਪਿੰਡ ਦੇ ਬੱਸ ਅੱਡੇ ਤੇ ਉਤਾਰ ਗਈ, ਤਕਰੀਬਨ ਏਥੋਂ ਦੋ ਕੁ ਕਿਲੋਮੀਟਰ ਤੇ ਮੇਰਾ ਨਾਨਕਾ ਪਿੰਡ ਸੀ। ਮੈਂ ਆਪਣਾ ਕੱਪੜਿਆਂ ਵਾਲਾ ਬੈਗ ਚੁੱਕ ਬੱਸ 'ਚੋਂ ਉਤਰਿਆ। ਗਰਮੀ ਬਹੁਤੀ ਹੋਣ ਕਰਕੇ ਮੈਨੂੰ ਪਿਆਸ ਵੀ ਬਹੁਤ ਲੱਗ ਰਹੀ ਸੀ। ਓਥੇ ਹੀ ਇੱਕ ਪਾਣੀ ਵਾਲੀ ਟੰਕੀਂ ਦੇਖ ਲੱਗਿਆ ਜਿਵੇਂ ਅੰਨ੍ਹੇ ਨੂੰ ਅੱਖਾਂ ਮਿਲ ਗਈਆਂ ਹੋਣ।

ਪਾਣੀ ਪੀ ਮੈਂ ਓਥੇ ਇੱਕ ਬੋਹੜ ਦੇ ਦਰੱਖਤ ਦੀ ਸੰਘਣੀ ਛਾਂ ਹੇਠ ਬੈਠ ਗਿਆ। ਬੋਹੜ ਦੀ ਠੰਡੀ ਛਾਂ ਮੈਨੂੰ ਬਿਲਕੁਲ ਮਾਂ ਦੀ ਬੁੱਕਲ ਵਰਗੀ ਲੱਗੀ। ਜਿਵੇਂ ਅਪਣੀ ਮਾਂ ਦੀ ਗੋਦ ਵਿੱਚ ਸਰ ਰੱਖ ਪੈ ਗਿਆ ਹੋਵਾਂ। ਅਜੇ ਇੰਨਾਂ ਸਮਾਂ



www.PunjabiLibrary.com

ਵੀ ਨਹੀਂ ਸੀ ਹੋਇਆ.. ਮੈਂਨੂੰ ਇੱਥੇ ਆਏ ਨੂੰ ਕਿ ਘਰ ਦੀ ਯਾਦ ਆਉਣ ਲੱਗ ਪਈ।

ਦਰਅਸਲ ਮੈਂ ਆਪਣੇ ਨਾਨਕੇ ਪਿੰਡ ਆਪਣੀਆਂ ਜੂਨ ਦੀਆਂ ਛੁੱਟੀਆਂ ਕੱਟਣ ਲਈ ਆਇਆ ਸੀ। ਹੁਣ ਪੂਰਾ ਇੱਕ ਮਹੀਨਾ ਮੈਂ ਏਥੇ ਹੀ ਰਹਿਣ ਲਈ ਆਇਆ ਸੀ।

ਮੈਂ ਸੋਚ ਹੀ ਰਿਹਾ ਸੀ ਕਿ ਕੋਈ ਵਿਅਕਤੀ ਮਿਲੇ ਜਿਸ ਨਾਲ ਮੈਂ ਬੈਠ ਨਾਨੀ ਘਰ ਜਾ ਸਕਾਂ, ਇੰਨੇ ਨੂੰ ਓਥੇ ਇੱਕ ਟ੍ਰੈਕਟਰ ਟਰਾਲੀ ਵਾਲਾ ਮਿਲ ਗਿਆ, ਜਿਸ ਨੂੰ ਮੈਂ ਹੱਥ ਦੇ ਕੇ ਟਰਾਲੀ ਵਿੱਚ ਬੈਠ ਗਿਆ। ਟਰਾਲੀ ਵਿੱਚ ਨੀਰਾ ਲੱਦਿਆ ਦੇਖ ਮੈਂ ਸਮਝ ਗਿਆ ਸੀ ਕਿ ਉਹ ਖੇਤ ਤੋਂ ਆ ਰਿਹਾ ਹੈ।

ਮੇਰਾ ਇੱਥੇ ਦੇ ਖੇਤਾਂ ਨੂੰ ਦੇਖਣ ਦਾ ਵੀ ਬਹੁਤ ਮਨ ਸੀ। ਬਹੁਤ ਸੁਣਿਆ ਸੀ ਕਿ ਇੱਥੇ ਦੇ ਖੇਤਾਂ ਵਿੱਚ ਬਹੁਤ ਮੋਰ ਪੈਲਾਂ ਪਾਉਂਦੇ ਨੇ ਪਰ ਕਦੇ ਦੇਖਿਆ ਨਾ। ਮੇਰਾ ਨਾਨਕਾ ਪਿੰਡ ਮੇਰੀ ਸਭ ਤੋਂ ਮਨਪਸੰਦ ਜਗ੍ਹਾ ਵਿੱਚੋ ਇੱਕ ਹੈ।

ਇੱਥੇ ਆ ਕੇ ਮੇਰਾ ਮਨ ਬਹੁਤ ਜ਼ਿਆਦਾ ਖੁਸ਼ ਹੁੰਦਾ। ਇਹ ਪਿੰਡ ਅੰਮ੍ਰਿਤਸਰ ਸਾਹਿਬ ਕੋਲ ਹੈ। ਜਿਥੋਂ ਪਾਕਿਸਤਾਨ ਦਾ ਬਾਰਡਰ ਕੋਈ ਬਹੁਤਾ ਦੂਰ ਨਹੀਂ ਸੀ। ਮੈਂ ਏਹ ਵੀ ਸੁਣਿਆ ਸੀ ਕਿ ਏਥੇ ਅਜ਼ਾਦੀ ਵੇਲੇ ਬਹੁਤ ਲੋਕ ਮਾਰੇ ਗਏ ਸਨ। ਅਜ਼ਾਦੀ ਵੇਲ਼ੇ ਸਭ ਤੋਂ ਵੱਧ ਪ੍ਰਭਾਵਿਤ ਪਿੰਡਾਂ ਵਿਚੋਂ ਇੱਕ ਇਹ ਪਿੰਡ ਵੀ ਸੀ।

ਲਓ ਜੀ ਮੇਰਾ ਨਾਨਕਾ ਪਿੰਡ ਆ ਗਿਆ, ਮੈਂ ਟ੍ਰੈਕਟਰ ਵਾਲੇ ਨੂੰ ਟ੍ਰੈਕਟਰ ਰੋਕਣ ਲਈ ਕਿਹਾ ਉਸਨੇ ਅਜੇ ਟ੍ਰੈਕਟਰ ਨੂੰ ਹੌਲੀ ਹੀ ਕੀਤਾ ਸੀ ਕਿ ਮੈਂ ਛਾਲ ਮਾਰ

ਪਹਿਲਾਂ ਹੀ ਉੱਤਰ ਗਿਆ। ਤੇ ਟ੍ਰੈਕਟਰ ਵਾਲੇ ਨੂੰ ਧੰਨਵਾਦ ਕਹਿ ਅਪਣੀ ਨਾਨੀ ਘਰ ਵੱਲ ਵਧਿਆ ।

ਜਦੋਂ ਨਾਨੀ ਘਰ ਪਹੁੰਚਿਆ ਤਾਂ ਓਥੇ ਮੈਂਨੂੰ ਦੇਖ ਮੇਰੇ ਨਾਨਾ ਨਾਨੀ ਤੇ ਮਾਮੀ ਜੀ ਬਹੁਤ ਖੁਸ਼ ਹੋਏ । ਮਾਮਾ ਜੀ ਅਜੇ ਕੰਮ ਤੇ ਗਏ ਹੋਏ ਸੀ ਜੋ ਕਿ ਸ਼ਾਮ ਨੂੰ ਘਰ ਵਾਪਿਸ ਆਉਂਦੇ ਤੇ ਮਾਮਾ ਜੀ ਦਾ ਮੁੰਡਾ ਗਗਨ ਬਾਹਰ ਕਿਤੇ ਲੰਘਿਆ ਹੋਇਆ ਸੀ । ਨਾਨੀ ਨਾਨਾ ਜੀ ਨਾਲ ਮੈਂ ਬਹੁਤੀਆਂ ਗੱਲਾਂ ਕੀਤੀਆਂ ਤੇ ਮੇਰਾ ਮਨ ਵੀ ਉਹਨਾਂ ਨੂੰ ਮਿਲ ਬਹੁਤ ਹੀ ਖੁਸ਼ ਹੋਇਆ।

ਪਟਿਆਲੇ ਤੋਂ ਅੰਮ੍ਰਿਤਸਰ ਸਾਹਿਬ ਤੱਕ ਦਾ ਸਫ਼ਰ ਬੇਸ਼ੱਕ ਇੰਨਾਂ ਲੰਮਾ ਨਹੀਂ ਹੁੰਦਾ ਪਰ ਫਿਰ ਵੀ ਮੈਂ ਪਹਿਲੀ ਵਾਰ ਇੰਨਾਂ ਸਫ਼ਰ ਤੈਅ ਕੀਤਾ ਜਿਸ ਕਰਕੇ ਮੈਂ ਥੱਕ ਵੀ ਗਿਆ ਸੀ । ਮੈਂ ਨਹਾ ਕੇ ਕੱਪੜੇ ਬਦਲ ਲਏ ਤੇ ਆਰਾਮ ਕਰਨ ਲਈ ਅੰਦਰ ਪੱਖਾ ਚਲਾ ਕੇ ਸੋ ਗਿਆ ।
ਦੋ ਘੰਟਿਆਂ ਦੀ ਵਧੀਆ ਨੀਂਦ ਤੋਂ ਬਾਅਦ ਉਠ ਗਿਆ ਤੇ ਮਾਮੀ ਜੀ ਮੇਰੇ ਲਈ ਚਾਹ ਬਣਾ ਲੈ ਕੇ ਆਏ । ਮਾਮਾ ਜੀ ਦਾ ਮੁੰਡਾ ਗਗਨ ਵੀ ਉਦੋਂ ਹੀ ਆ ਗਿਆ ਸੀ ਘਰ, ਜਦੋਂ ਮੈਂ ਸੁੱਤਾ ਪਿਆ ਸੀ।
ਸ਼ਾਮ ਵੀ ਹੋ ਗਈ ਤੇ ਹੁਣ ਨਾਨਾ ਜੀ ਖੇਤ ਜਾਣ ਦੀ ਤਿਆਰੀ ਕਰ ਰਹੇ ਸਨ । ਖੇਤਾਂ ਦਾ ਨਾਮ ਸੁਣ ਮੈਂ ਚਾਹ ਵਾਲਾ ਗਲਾਸ ਓਥੇ ਹੀ ਰੱਖ ਦਿੱਤਾ ਤੇ ਨਾਨੇ ਨਾਲ ਖੇਤ ਜਾਣ ਦੀ ਗੱਲ ਕੀਤੀ । ਨਾਨੀ ਜੀ ਨੇ ਮਨ੍ਹਾਂ ਵੀ ਕੀਤਾ ਜਾਣ ਤੋਂ ਕਿ ਅੱਜ


www.PunjabiLibrary.com

ਤਾਂ ਆਇਆ... ਕੱਲ੍ਹ ਤੋਂ ਚਲ ਜਿਆ ਕਰੀਂ , ਪਰ ਨਾਨਾ ਜੀ ਕਹਿੰਦੇ 'ਜਾ ਆਉਂਦਾ ਘੁੰਮ ਆਉ ਮੇਰੇ ਨਾਲ, ਸਾਡੇ ਨਾਲ ਗਗਨ ਵੀ ਤਿਆਰ ਹੋਇਆ ਜਾਣ ਲਈ। ਨਾਨਾ ਜੀ ਬੋਲੇ ਪੁੱਤ ਪਹਿਲਾਂ ਅਪਣੀ ਚਾਹ ਖ਼ਤਮ ਕਰਦੇ । ਉਹਨਾਂ ਦੇ ਇੰਨਾਂ ਕਹਿੰਦੇ ਮੈਂ ਜ਼ਲਦੀ ਜ਼ਲਦੀ ਚਾਹ ਖਤਮ ਕਰ ਅਪਣੇ ਨਾਨਾ ਜੀ ਨਾਲ ਖੇਤ ਨੂੰ ਨਿਕਲ ਗਿਆ।

ਖੇਤ ਤਾਂ ਮੈਂ ਮੋਰਾਂ ਨੂੰ ਪੈਲਾਂ ਪਾਉਂਦੇ ਹੋਏ ਦੇਖਣ ਲਈ ਗਿਆ ਸੀ ਪਰ ਓਥੇ ਕੋਈ ਮੋਰ ਨਾ ਦਿਸਿਆ। ਢਲਦੇ ਸੂਰਜ ਨੂੰ ਦੇਖ ਮੈਂ ਬਹੁਤ ਖੁਸ਼ ਹੋਇਆ ਇੰਨਾਂ ਵਧੀਆ ਨਜ਼ਾਰਾ ਮੈਂ ਪਹਿਲਾਂ ਕਦੇ ਨਹੀਂ ਸੀ ਦੇਖਿਆ । ਕਿਉਂਕਿ ਮੈਂ ਪਟਿਆਲਾ ਸ਼ਹਿਰ ਰਹਿੰਦਾ ਸੀ ਤੇ ਓਥੇ ਇਵੇਂ ਦੇ ਖੇਤ ਨਹੀਂ ਸਨ ਦੇਖਣ ਨੂੰ ਮਿਲਦੇ।

ਮੈਂ ਨਾਨਾ ਜੀ ਤੋਂ ਪੁੱਛਿਆ ਕਿ ਕੋਈ ਮੋਰ ਕਿਉਂ ਨਹੀਂ ਦਿਸ ਰਿਹਾ ਬਾਹਰ ? ਪਰ ਉਹ ਕਹਿੰਦੇ ਕਿ ਮੋਰ ਆਪਣੀ ਮਰਜੀ ਨਾਲ ਹੀ ਬਾਹਰ ਆਉਂਦੇ ਨੇ । ਕਹਿੰਦੇ ਕੋਈ ਨੀ ਹੁਣ ਤੂੰ ਮਹੀਨਾ ਏਥੇ ਹੀ ਆ ਫਿਰ ਦੇਖ ਲਈ । "ਚੱਲ ਚਲਦੇ ਆ ਹੁਣ ਘਰ", (ਨਾਨਾ ਜੀ ਨੇ ਮੈਨੂੰ ਕਿਹਾ) । ਗਗਨ ਤੇ ਮੈਂ ਨਾਨਾ ਜੀ ਨਾਲ ਥੋੜ੍ਹੀ ਜੀ ਮਦਦ ਕਰਵਾਈ ਤੇ ਫਿਰ ਅਸੀਂ ਘਰ ਨੂੰ ਆ ਗਏ। ਸਾਡੇ ਘਰ ਜਾਂਦਿਆਂ ਮੇਰੇ ਮਾਮਾ ਜੀ ਵੀ ਕੰਮ ਤੋਂ ਆ ਗਏ ਉਹ ਵੀ ਮੈਨੂੰ ਦੇਖ ਬਹੁਤ ਖੁਸ਼ ਹੋਏ, ਉਹਨਾਂ ਨੂੰ ਮਿਲ ਮੈਂ ਤੇ ਗਗਨ ਬਾਹਰ ਘੁੰਮਣ ਲਈ ਚਲੇ ਗਏ।

ਪਹਿਲੇ ਤਿੰਨ ਦਿਨ ਤੱਕ ਮੈਨੂੰ ਕੋਈ ਮੋਰ ਨਾ ਦਿਸਿਆ। ਮੇਰਾ ਮਨ ਬਹੁਤ ਉਦਾਸ ਜਿਹਾ ਹੋਇਆ... ਜਿਵੇਂ ਕਿਸੇ ਬੱਚੇ ਨੂੰ ਕਿਸੇ ਚੀਜ਼ ਦਾ ਲਾਲਚ ਹੋਵੇ ਪਰ ਉਸਨੂੰ ਉਹ ਨਾ ਮਿਲੀ ਹੋਵੇ।

ਅੱਜ ਮੌਸਮ ਵੀ ਬਹੁਤ ਸੁਹਾਨਾ ਹੋਇਆ ਪਿਆ ਸੀ.. ਠੰਡੀ ਠੰਡੀ ਹਵਾ ਚੱਲ ਰਹੀ ਸੀ ਤੇ ਅੱਜ ਖੇਤਾਂ ਵਿੱਚ ਮੈਨੂੰ ਮੋਰ ਤਾਂ ਦਿਸੇ ਪਰ ਮੇਰੀ ਖੁਸ਼ੀ ਅਜੇ ਅਧੂਰੀ ਹੀ ਸੀ, ਕਿਉਂਕਿ ਉਸ ਨੇ ਅਜੇ ਤੱਕ ਪੈਲ ਨਹੀਂ ਸੀ ਪਾਈ ਜਿਸਨੂੰ ਮੈ ਦੇਖਣ ਲਈ ਰੋਜ ਖੇਤ ਆਉਂਦਾ। ਨਾਨਾ ਜੀ ਅਜੇ ਨੀਰਾ ਵੱਡ ਰਹੇ ਸੀ ਤੇ ਮੈਂ ਮੋਰ ਪਿੱਛੇ ਭੱਜਾ , ਮੈਨੂੰ ਅਪਣੇ ਵੱਲ ਆਉਂਦਾ ਦੇਖ ਮੋਰ ਵੀ ਮੇਰੇ ਕੋਲੋਂ ਡਰ ਕੇ ਓਥੋਂ ਭੱਜ ਗਿਆ ਤੇ ਮੈਂ ਵੀ ਉਸਦੇ ਪਿੱਛੇ ਪਿੱਛੇ ਭੱਜਦਾ ਹੋਇਆ ਇੱਕ ਘਰ ਵੱਲ ਚਲਾ ਗਿਆ, ਇਹ ਘਰ ਨਹੀਂ ਬਲਕਿ ਇੱਕ ਖੰਡਰ ਵਾਂਗ ਸੀ.. ਓਥੇ ਜਿਵੇਂ ਬਹੁਤ ਸਮੇਂ ਤੋਂ ਕੋਈ ਗਿਆ ਨਾ ਹੋਵੇ । ਮੇਰਾ ਅੰਦਰ ਜਾਣ ਦਾ ਬਹੁਤ ਮਨ ਹੋਇਆ ਪਰ ਪਿੱਛੋਂ ਨਾਨਾ ਜੀ ਨੇ ਪਿੱਛੋਂ ਹਾਕ ਮਾਰ ਬੁਲਾ ਲਿਆ ਤੇ ਓਧਰ ਜਾਣ ਤੋਂ ਮਨ੍ਹਾਂ ਕੀਤਾ । ਮੈਂ ਨਾਨਾ ਜੀ ਨੂੰ ਪੁੱਛਿਆ ਕਿ ਉੱਥੇ ਕਿਉਂ ਨੀ ਜਾ ਸਕਦਾ, ਤਾਂ ਉਹਨਾਂ ਤੇ ਗੱਲ ਬਦਲ ਲਈ ਤੇ ਕਿਹਾ ਪੁੱਤ ਚੱਲ ਘਰੇ ਚੱਲੀਏ ।

ਨਾਨਾ ਜੀ ਨਾਲ ਮੈਂ ਘਰ ਵਾਪਿਸ ਮੁੜ ਆ ਗਿਆ ਪਰ ਮੈਂ ਅਜੇ ਵੀ ਉਸੇ ਖੰਡਰ ਵਾਰੇ ਸੋਚ ਰਿਹਾ ਸੀ। ਮੈਂ ਅਪਣੇ ਮਾਮਾ ਜੀ ਦੇ ਮੁੰਡੇ ਗਗਨ ਤੋਂ ਪੁੱਛਿਆ ਤਾਂ ਉਸਨੇ ਦੱਸਿਆ......

ਗਗਨ:-... ਓਥੇ ਭੂਤਾਂ ਦਾ ਵਾਸ ਹੈ ਤੇ ਓਥੇ ਪਿੰਡ ਦਾ ਕੋਈ ਵੀ ਵਿਅਕਤੀ ਨ੍ਹੀ ਜਾਂਦਾ ਤੇ ਨਾਂ ਹੀ ਕੋਈ ਬੱਚਾ ਓਥੇ ਖੇਡਣ ਲਈ ਜਾਂਦਾ, ਤੇ ਭੁੱਲ ਕੇ ਤੂੰ ਵੀ ਨਾ ਜਾਈ ਕਦੇ।

ਮੈਂ :- ਹਾ... ਹਾ... ਹਾ, '' ਪਾਗਲ ਭੂਤ - ਭਾਤ ਕੁੱਝ ਨਹੀਂ ਹੁੰਦੇ, ਤੈਨੂੰ ਕਿਸਨੇ ਵਹਿਮ ਪਾਇਆ ਏ?

ਗਗਨ :- ਵਹਿਮ - ਵੂਹਮ ਜਿਆ ਸਾਰਾ ਨਿਕਲ ਜਾਂਦਾ ਜਦੋਂ ਦਿੱਸਦਾ ਭੂਤ। ਨਾਲੇ ਤੈਨੂੰ ਕੀ ਪਤਾ ਅਜੇ ਚਾਰ ਦਿਨ ਨ੍ਹੀ ਹੋਏ ਤੈਨੂੰ ਆਏ ਨੂੰ।

ਮੈਂ :- ਮੈਂ ਨ੍ਹੀ ਮੰਨਦਾ, ਤੂੰ ਦਿਖਾ ਕੇ ਲਿਆ ਮੈਨੂੰ ਮੈਂ ਫਿਰ ਮੰਨੂ।

ਗਗਨ :- ਨਹੀਂ ਮੰਨਣਾ ਨਾ ਮੰਨ ਫਿਰ,.. ਪਰ ਮੈਂ ਨ੍ਹੀ ਜਾਂਦਾ ਜੇ ਤੂੰ ਗਿਆ ਤਾਂ ਮੈਂ ਨਾਨੀ ਨੂੰ ਕਹਿ ਦੇਣਾ,.. ਫਿਰ ਨਾ ਕਹੀਂ ਦੱਸਿਆ ਨ੍ਹੀ।

ਉਸਦੀਆਂ ਗੱਲਾਂ ਸੁਣ ਮੇਰੇ ਦਿਲ ਵਿੱਚ ਹੋਰ ਵੀ ਕਈ ਸਵਾਲ ਖੜ੍ਹੇ ਹੋਏ। ਮੈਨੂੰ ਮੇਰੇ ਮਾਂ ਬਾਪੂ ਨੇ ਦੱਸਿਆ ਹੋਇਆ ਸੀ ਕਿ ਭੂਤ ਭਾਤ ਕੁੱਝ ਨ੍ਹੀ ਹੁੰਦੇ ਇਹ ਸਭ ਮਨ ਦਾ ਵਹਿਮ ਹੁੰਦਾ।

ਮੈਂ ਅਗਲੇ ਦਿਨ ਓਸ ਖੰਡਰ ਜਾਣ ਦਾ ਫੈਸਲਾ ਕੀਤਾ,.. ਪਰ ਨਾਨਾ ਜੀ ਨੇ ਫਿਰ ਮੈਨੂੰ ਗੁੱਸੇ ਨਾਲ ਮਨ੍ਹਾਂ ਕਰ ਦਿੱਤਾ। ਮੈਂ ਅਪਣੇ ਨਾਨੇ ਨੂੰ ਇੰਨੇ ਗੁੱਸੇ ਵਿੱਚ ਅਪਣੇ ਨਾਲ ਗੱਲ ਕਰਦੇ ਪਹਿਲੀ ਵਾਰ ਦੇਖ ਰਿਹਾ ਸੀ। ਫਿਰ ਮੈਂ ਘਰ ਆ ਕੇ ਨਾਨੀ ਜੀ ਨੂੰ ਵੀ ਓਸੇ ਖੰਡਰ ਵਾਰੇ ਪੁੱਛਿਆ। ਨਾਨੀ ਨੇ ਬਹੁਤ ਹੀ ਅਜੀਬ ਜਿਹੇ ਤਰੀਕੇ

ਨਾਲ ਮੇਰੇ ਵੱਲ ਦੇਖਿਆ ਤੇ ਬੋਲੇ "ਕੁੱਝ ਨ੍ਹੀ ਪੁੱਤ.. ਤੂੰ ਗਿਆ ਤਾਂ ਨ੍ਹੀ ਓਥੇ ? ", ਮੈਂ ਨਾ ਦੇ ਵਿੱਚ ਸਰ ਹਿਲਾਇਆ।

ਨਾਨੀ :- "ਹਾਂ ਪੁੱਤ ਆਪਾਂ ਜਾਨਾ ਵੀ ਨ੍ਹੀ ਓਥੇ"।ਮੈਂ :- ਪਰ ਨਾਨੀ ਕਿਉ ਨ੍ਹੀ ਜਾਣਾ ?
ਨਾਨੀ :- ਬਸ ਨਹੀਂ ਜਾਣਾ ਮਤਲਬ ਨਹੀਂ ਜਾਣਾ। ਸਮਝ ਗਿਆ? (ਨਾਨੀ ਨੇ ਵੀ ਮੈਨੂੰ ਗੁੱਸੇ ਵਿਚ ਜਵਾਬ ਦਿੱਤਾ)
ਪਰ ਮੈਨੂੰ ਅਜੇ ਤੱਕ ਨਹੀਂ ਸਮਝ ਆਇਆ ਸੀ ਕਿ ਏਹੋ ਜਿਹਾ ਕੀ ਆ ਓਥੇ ? ਭੂਤਾਂ ਵਿੱਚ ਤਾਂ ਮੈਂ ਵਿਸ਼ਵਾਸ ਕਰਦਾ ਨ੍ਹੀ।

ਹੁਣ ਤੱਕ ਮੈਂ ਓਥੇ ਮੋਰਾਂ ਨੂੰ ਦੇਖਣ ਲਈ ਜਾਂਦਾ ਸੀ ਪਰ ਹੁਣ ਮੇਰਾ ਸਾਰਾ ਧਿਆਨ ਓਸ ਖੰਡਰ ਵਿੱਚ ਸੀ। ਮੈਂ ਸ਼ੁਰੂ ਤੋਂ ਹੀ ਬਹੁਤ ਜਿੱਦੀ ਸੀ, ਜੇ ਕਰ ਮੇਰੇ ਦਿਲ ਵਿੱਚ ਕੋਈ ਗੱਲ ਹੋਵੇ ਤੇ ਜਦ ਤੱਕ ਮੈਂ ਉਹ ਗੱਲ ਪੂਰੀ ਤਰ੍ਹਾਂ ਪਤਾ ਨਾ ਕਰ ਲਵਾਂ ਤਾਂ ਮੈਨੂੰ ਚੈਨ ਨੀ ਮਿਲਦਾ ।

ਮੇਰੇ ਜ਼ਿਆਦਾ ਪੁੱਛਣ ਤੇ ਮੈਨੂੰ ਨਾਨੀ ਨੇ ਇੰਨਾਂ ਹੀ ਦੱਸਿਆ ਕਿ ਪਹਿਲਾਂ ਓਥੇ ਕਈ ਲੋਕ ਰਹਿੰਦੇ ਸੀ ਤੇ ਫਿਰ ਉਹਨਾਂ ਲੋਕਾਂ ਦੀ ਭੇਦ ਭਰੀ ਹਾਲਤ ਵਿੱਚ ਮੌਤ ਹੋਈ । ਉਦੋਂ ਤੋਂ ਓਥੇ ਕੋਈ ਨ੍ਹੀ ਜਾਂਦਾ ਤੇ ਬਹੁਤ ਸਮੇਂ ਤੋਂ ਉਹ ਪੁਰਾਣਾ ਘਰ ਹੁਣ ਓਵੇਂ ਹੀ ਪਿਆ ਹੈ ਤੇ ਹੁਣ ਉਹ ਜਗ੍ਹਾ ਪਿੰਡ ਦੀ ਪੰਚਾਇਤ ਕੋਲ ਹੈ।

ਨਾਨੀ ਥੋਨੂੰ ਤਾਂ ਪਤਾ ਹੀ ਹੋਣਾ ਉਹ ਮੌਤਾਂ ਕਿਵੇਂ ਹੋਈਆਂ? ਹਾਂ ਪੁੱਤ ਪਤਾ ਤਾਂ ਸਾਰਿਆਂ ਨੂੰ ਹੀ ਆ। ਫਿਰ ਨਾਨੀ ਮੈਨੂੰ ਵੀ ਦੱਸੋ ਕਿਵੇਂ ਕੀ ਹੋਈਆਂ ਕੱਲੀ ਕੱਲੀ ਗੱਲ ਦੱਸੋ ।

ਨਾਨੀ :- ਪੁੱਤ ਹਨੇਰਾ ਬਹੁਤ ਹੋ ਗਿਆ ਹੁਣ ਸਵੇਰੇ ਦੱਸੂ,.. ਹੁਣ ਸੋਜਾ ਜਾਕੇ ।
ਮੈਂ :- ਨਾਨੀ ਹੁਣੇ ਦੱਸੋ ।
ਨਾਨੀ :- ਪੁੱਤ ਮੈਂ ਤੇਰੇ ਨਾਨੇ ਨੂੰ ਰੋਟੀ ਦੇਣੀ ਆ ਅਜੇ ਤੇ ਫਿਰ ਮੈਂ ਵੀ ਖਾਣੀ ਆ, ਤੂੰ ਤਾਂ ਰੋਟੀ ਖਾ ਲਈ ਤੇ ਹੁਣ ਸੋਜਾ ਜਾਕੇ।
ਮੈਂ :- ਨਾਨੀ ਜੀ ਦੇਖਲੋ ਜੇ ਸਵੇਰੇ ਨਾ ਦੱਸਿਆ ਕੁੱਝ,.. ਮੈਂ ਸਵੇਰੇ ਹੀ ਅਪਣੇ ਘਰ ਚੱਲ ਜੂ ( ਮੈ ਜਿਵੇਂ ਨਾਨੀ ਨੂੰ ਧਮਕੀ ਦਿੱਤੀ ਹੋਵੇ)।
ਨਾਨੀ ਨੂੰ ਵੀ ਪਤਾ ਹੀ ਸੀ ਕਿ ਮੈਂ ਕਿੰਨਾ ਜ਼ਿੱਦੀ ਹਾਂ, ਜਦ ਤੱਕ ਮੈਨੂੰ ਪੂਰੀ ਗੱਲ ਨਾ ਪਤਾ ਲੱਗੇ ਮੈਂ ਟਿਕ ਕੇ ਨਹੀਂ ਬੈਠਦਾ।
ਨਾਨੀ :- ਹਾਂ ਪੁੱਤ ਕੋਈ ਨੀ ਸਵੇਰੇ ਦੱਸ ਦਿਉਂ ਸਾਰਾ ਕੁੱਝ। ਹੁਣ ਤੂੰ ਜਾਕੇ ਸੋਜਾ।

ਪਰ ਮੈਨੂੰ ਉਸ ਖੰਡਰ ਬਾਰੇ ਸੋਚ ਸੋਚ ਨੀਦ ਨਹੀਂ ਸੀ ਆ ਰਹੀ । ਅਕਸਰ ਏਦਾਂ ਹੀ ਹੁੰਦਾ ਏ ਜਦੋਂ ਆਪਾ ਕੁੱਝ ਜ਼ਿਆਦਾ ਹੀ ਸੋਚਣ ਲੱਗਦੇ ਆ ਤਾਂ ਨੀਂਦ ਵੀ ਨਹੀਂ ਆਉਂਦੀ, ਮੇਰੇ ਨਾਲ ਵੀ ਕੁੱਝ ਇਹੋ ਹੋ ਰਿਹਾ ਸੀ । ਹੁਣ ਸਵੇਰੇ ਵੀ

ਮੇਰੀ ਜ਼ਲਦ ਹੀ ਅੱਖ ਖੁੱਲ ਗਈ ਤੇ ਮੈਂ ਸਿੱਧਾ ਨਾਨੀ ਕੋਲ ਗਿਆ ਤੇ ਖੰਡਰ ਬਾਰੇ ਪੁੱਛਣ ਲੱਗਾ।

ਨਾਨੀ :- ਨੀਂਦ ਤਾਂ ਆਗੀ ਸੀ ਰਾਤ?.. ਜਿਹੜਾ ਬਿਨਾਂ ਮੂੰਹ ਧੋਤੇ ਪੁੱਛਣ ਲੱਗਿਆ... ਪਹਿਲਾਂ ਮੂੰਹ ਧੋ ਲੈ ਫਿਰ ਚਾਹ ਪੀ।(ਮੈਨੂੰ ਪਿਆਰ ਨਾਲ ਚਿੜਕਦਿਆਂ ਕਿਹਾ)

ਮੈਂ ਵੀ ਮੂੰਹ ਧੋ ਚਾਹ ਦਾ ਗਲਾਸ ਲੈ ਨਾਨੀ ਕੋਲ ਬੈਠ ਗਿਆ।
ਮੈਂ:- ਹਾਂਜੀ ਹੁਣ ਦੱਸੋ ਸਾਰੀ ਗੱਲ
ਨਾਨੀ :- ਸੁਣ ਪੁੱਤ ਜੇ ਪੂਰੀ ਗੱਲ ਸੁਣਨੀ ਹੀ ਚਾਹੁੰਦਾ ਤੂੰ। ਇਹ ਗੱਲ 1947 ਦੀ ਆ ਜਦੋਂ ਪੰਜਾਬ ਦੀ ਵੰਡ ਹੋ ਰਹੀ ਸੀ ਬਹੁਤ ਲੋਕ ਪੰਜਾਬ ਤੋਂ ਪਾਕਿਸਤਾਨ ਚਲੇ ਗਏ ਤੇ ਬਹੁਤੇ ਲੋਕ ਪਾਕਿਸਤਾਨ ਤੋਂ ਪੰਜਾਬ ਵੱਲ ਆਏ । ਜਦੋਂ ਮੈਂ ਛੋਟੀ ਜਿਹੀ ਹੁੰਦੀ ਸੀ । ਪੰਜ ਦਰਿਆਵਾਂ ਦੀ ਇਸ ਧਰਤੀ ਤੇ ਪਾਣੀ ਤੋਂ ਜ਼ਿਆਦਾ ਖ਼ੂਨ ਡੁੱਲ ਰਿਹਾ ਸੀ । ਬਹੁਤ ਲੋਕ ਮਾਰੇ ਗਏ ਉਹਨਾਂ ਦੰਗਿਆਂ ਵਿੱਚ । ਬਹੁਤ ਲੋਕੀਂ ਆਪਣੇ ਘਰ ਜਮੀਨਾਂ ਛੱਡ ਕੇ ਆਪਣੀ ਆਪਣੀ ਜਾਨ ਬਚਾਉਣ ਲਈ ਭੱਜੇ । ਜ਼ਮੀਨ ਤੇ ਘਰ ਤਾਂ ਬੰਦਾ ਫਿਰ ਬਣਾ ਲੈਂਦਾ, ਪਹਿਲਾਂ ਆਪਣੀ ਜਾਨ ਜ਼ਰੂਰੀ ਹੁੰਦੀ ਆ... ਜੇ ਜਾਨ ਆ ਤਾਂ ਜਹਾਨ ਆ । ਉਹਨਾਂ ਦਿਨਾਂ ਵਿੱਚ ਲਾਸ਼ਾ ਵੀ ਨਦੀਆਂ ਵਿੱਚ ਤੈਰ ਰਹੀਆਂ ਸੀ। ਲੋਕੀਂ ਮਜ਼ਬੂਰ ਸੀ ਆਪਣੀ ਪਿਆਸ ਬੁਝਾਉਣ ਲਈ ਉਹ ਤੈਰ ਰਹੀਆਂ ਲਾਸ਼ਾਂ ਵਾਲਾ ਪਾਣੀ ਪੀਣ ਲਈ। ਰੇਲ ਗੱਡੀਆਂ ਵਿੱਚ

ਲਾਸ਼ਾਂ ਹੀ ਲਾਸ਼ਾਂ ਹੁੰਦੀਆਂ.. ਕੁੱਝ ਗੱਡੀਆਂ ਲਾਹੌਰ ਵੱਲ ਜਾਂਦੀਆ ਕੁੱਝ ਗੱਡੀਆਂ ਅੰਮ੍ਰਿਤਸਰ ਵੱਲ ਆਉਂਦੀਆਂ। ਇੰਨੇ ਜ਼ਿਆਦਾ ਮਾੜੇ ਹਾਲਾਤ ਹੋਏ ਸੀ ਉਹਨਾਂ ਦਿਨਾਂ ਵਿੱਚ ਜਿਸਨੂੰ ਯਾਦ ਕਰ ਰੂਹ ਕੰਬ ਜਾਂਦੀ ਆ। ਉਹਨਾਂ ਦਿਨਾਂ ਵਿੱਚ ਲੱਖਾਂ ਲੋਕੀਂ ਮਾਰੇ ਗਏ ਸੀ ਤੇ ਕਰੋੜਾਂ ਲੋਕੀਂ ਅਪਣੇ ਘਰਾਂ ਤੋਂ ਬੇਘਰ ਹੋ ਗਏ ਸਨ । ਮੁਸਲਮਾਨ ਸਿੱਖਾਂ ਨੂੰ ਮਾਰ ਰਹੇ ਸੀ ਤੇ ਸਿੱਖ ਮੁਸਲਮਾਨਾਂ ਨੂੰ । ਪਤਾ ਨ੍ਹੀ ਅੰਗਰੇਜ਼ ਜਾਂਦੇ ਜਾਂਦੇ ਏਹੋ ਜਿਹਾ ਕੀ ਲੋਕਾਂ ਦੇ ਕੰਨਾਂ ਵਿੱਚ ਫੂਕ ਗਏ ਸੀ, ਜਿਹੜੇ ਪੰਜਾਬ ਵਿੱਚ ਲੋਕੀਂ ਭਰਾਵਾਂ ਵਾਂਗ ਰਹਿੰਦੇ ਸੀ ਓਹੀ ਲੋਕੀਂ ਇੱਕ ਦੂਜੇ ਦੇ ਖ਼ੂਨ ਦੇ ਪਿਆਸੇ ਹੋਗੇ ਸੀ।

ਮੈਂ :- ਹੈਂ.. ! "ਸੱਚੀ ਨਾਨੀ ਇੰਨਾਂ ਕੁੱਝ ਹੋਇਆ ਸੀ ਉਦੋਂ? ਫਿਰ ਆਪਾਂ ਤਾਂ ਪੰਦਰਾਂ ਅਗਸਤ ਆਲੇ ਦਿਨ ਏਨੀਆਂ ਖੁਸ਼ੀਆ ਮਨਾਉਂਦੇ ਆ, ਫਿਰ ਜਿਸ ਦਿਨ ਐਨੇ ਲੋਕ ਮਰੇ ਹੋਣ ਉਹ ਦਿਨ ਆਪਾਂ ਖੁਸ਼ੀਆਂ ਕਿਵੇਂ ਮਨਾ ਸਕਦੇ ਆ??

ਮੇਰੇ ਤਾਂ ਇੰਨਾ ਸੁਣ ਹੀ ਰੂਹ ਕੰਬ ਗਈ ਫਿਰ ਉਹਨਾਂ ਦਿਨਾਂ ਵਿੱਚ ਕਿਵੇਂ ਲੋਕਾਂ ਨੇ ਇੰਨਾ ਦਰਦ ਸਿਹਾ ਹੋਣਾ। ਇੰਨਾ ਕੁੱਝ ਸੁਣਕੇ ਮੈ ਸੋਚਾਂ ਵਿੱਚ ਪੈ ਗਿਆ.... ਕਿ ਕਿਹੋ ਜਿਹੇ ਹਾਲਾਤ ਰਹੇ ਹੋਣੇ ਓਹਨਾ ਦਿਨਾਂ ਵਿੱਚ । ਮੈਂ ਪੜ੍ਹਿਆ ਜਰੂਰ ਹੋਇਆ ਸੀ ਉਹਨਾਂ ਦੰਗਿਆਂ ਵਾਰੇ, ਪਰ ਇੰਨਾ ਕੁੱਝ ਨਹੀਂ ਸੀ ਪਤਾ ਜੋ ਨਾਨੀ ਜੀ ਦੱਸ ਰਹੇ ਸੀ ।

ਨਾਨੀ :- ਪੁੱਤ ਉਸ ਦਿਨ ਆਪਣਾ ਦੇਸ਼ ਅਜ਼ਾਦ ਹੋਇਆ ਸੀ। ਇਸ ਲਈ ਖੁਸ਼ੀਆਂ ਮਨਾਉਂਦੇ ਆ। ਪਰ ਜੇ ਸਾਡੇ ਕੋਲੋਂ ਪੁੱਛੋਂ ਤਾਂ ਅਸੀਂ ਅਜ਼ਾਦੀ ਜ਼ਰੂਰ ਮੰਗੀ ਸੀ ਪਰ ਅਪਣਿਆਂ ਤੋਂ ਵੱਖ ਹੋਣਾ ਨਹੀਂ । ਜੋ ਜਾਂਦੇ ਜਾਂਦੇ ਅੰਗਰੇਜ਼ ਦੋ ਦੇਸ਼ਾਂ ਵਿਚਾਲੇ

ਲੀਕ ਖਿੱਚ ਗਏ ਸੀ ਉਹ ਲੀਕ ਦੇਸ਼ਾਂ ਵਿੱਚ ਨ੍ਹੀ ਬਲਕਿ ਸਾਡੇ ਦਿਲਾਂ ਵਿੱਚ ਖਿੱਚੀ ਗਈ ਸੀ।

ਮੈਂ :- ਫਿਰ ਨਾਨੀ ਅੱਗੇ ਕੀ ਹੋਇਆ??

ਨਾਨੀ :- ਓਹਨਾਂ ਦੰਗਿਆਂ ਵਿੱਚ ਅਪਣੇ ਪਿੰਡ ਇੱਕ ਗੁਲਜ਼ਾਰ ਖਾਨ ਨਾਂ ਦਾ ਬੰਦਾ ਆਪਣੀ ਜਾਨ ਬਚਾਉਂਦਾ - ਬਚਾਉਂਦਾ ਆਪਣੇ ਦੋਸਤ ਬਚਿੱਤਰ ਸਿੰਘ ਕੋਲ ਆਇਆ ਜੋ ਕਿ ਉਸਦਾ ਬਹੁਤ ਪੱਕਾ ਦੋਸਤ ਸੀ । ਉਸ ਆਦਮੀ ਦੀ ਹਾਲਤ ਬਹੁਤ ਗੰਭੀਰ ਲੱਗ ਰਹੀ ਸੀ ਤੇ ਉਸਦੇ ਹੱਥ ਵਿੱਚ ਇੱਕ ਦੋ ਕੁ ਸਾਲ ਦਾ ਬੱਚਾ ਵੀ ਸੀ ।

ਉਸ ਆਦਮੀ ਨੇ ਬਹੁਤ ਸਮੇਂ ਪਹਿਲਾਂ ਬਚਿੱਤਰ ਸਿੰਘ ਤੇ ਕੋਈ ਇਹਸਾਨ ਕੀਤਾ ਸੀ.... ਉਸ ਇਹਸਾਨ ਦੇ ਬਦਲੇ ਉਸਨੇ ਕਿਹਾ..... ਕਿ ਉਹ ਜਦ ਤੱਕ ਵਾਪਿਸ ਨਹੀਂ ਆਉਂਦਾ, ਉਦੋਂ ਤੱਕ ਉਹ ਉਸਦੇ ਬੱਚੇ ਨੂੰ ਸੰਭਾਲ ਲਵੇ। ਉਹ ਬਚਿੱਤਰ ਨੂੰ ਬੋਲਿਆ ਜੇ ਮੈਂ ਵਾਪਿਸ ਆਇਆ ਤਾਂ ਤੇਰੇ ਕੋਲੋਂ ਬੱਚਾ ਲੈ ਜਾਉਂ ਨਹੀਂ ਫਿਰ ਤੂੰ ਹੀ ਸਾਰੀ ਉਮਰ ਉਸਦਾ ਖਿਆਲ ਰੱਖੀ। ਇਹਦਾ ਮੇਰੇ ਤੋਂ ਬਿਨਾਂ ਇਸ ਦੁਨੀਆਂ ਵਿੱਚ ਹੁਣ ਕੋਈ ਵੀ ਨ੍ਹੀ ਹੈ..ਮੇਰਾ ਵੀ ਨ੍ਹੀ ਕੋਈ ਭਰੋਸਾ ਮੈਂ ਕਦੋਂ ਮਾਰਿਆਂ ਜਾਵਾਂ.. ਇਸਦੀ ਮਾਂ ਵੀ ਦੰਗਿਆਂ ਵਿੱਚ ਮਾਰੀ ਗਈ... ਹੁਣ ਤੇਰੇ ਤੋਂ ਇਲਾਵਾ ਮੈਂ ਕਿਸੇ ਹੋਰ ਤੇ ਭਰੋਸਾ ਨਹੀਂ ਕਰ ਸਕਦਾ... ਬੇਨਤੀ ਹੀ ਆ ਇੱਕ ਕਿਰਪਾ ਕਰਕੇ ਮੇਰੇ ਬੱਚੇ ਦੀ ਜਾਨ ਬਚਾ ਲੈ...... ।

ਇਸਤੋਂ ਪਹਿਲਾਂ ਬਚਿੱਤਰ ਉਸਦੀ ਗੱਲ ਦਾ ਜਵਾਬ ਦਿੰਦਾ, ਇੰਨਾ ਕਹਿ ਤੇ ਬੱਚਾ ਬਚਿੱਤਰ ਦੀ ਗੋਦੀ ਫੜਾ ਉਹ ਆਦਮੀ ਓਥੋਂ ਭੱਜ ਗਿਆ। ਬਚਿੱਤਰ ਉਹ ਬੱਚਾ ਫੜਨਾ ਨਹੀਂ ਸੀ ਚਾਹੁੰਦਾ.. ਪਰ ਉਸ ਆਦਮੀ ਨੇ ਬਹੁਤ ਸਮੇਂ ਪਹਿਲਾਂ ਬਚਿੱਤਰ ਸਿੰਘ ਦੀ ਜਾਨ ਬਚਾਈ ਸੀ, ਜਦੋਂ ਬਚਿੱਤਰ ਦੇ ਸੱਪ ਲੜ ਗਿਆ ਸੀ ਤੇ ਗੁਲਜ਼ਾਰ ਉਸਨੂੰ ਚੱਕ ਘਰ ਲੈਕੇ ਗਿਆ ਸੀ ਤੇ ਉਸਨੇ ਹੀ ਉਸਦੀ ਦਵਾਈ ਬੂਟੀ ਕੀਤੀ। ਜੇ ਉਸ ਦਿਨ ਉਹ ਬਚਿੱਤਰ ਨੂੰ ਦਵਾਈ ਨਾ ਦਿੰਦਾ ਤਾਂ ਬਚਿੱਤਰ ਨੇ ਓਥੇ ਹੀ ਮਰ ਜਾਣਾ ਸੀ। ਓਸ ਦਿਨ ਤੋਂ ਉਹ ਬਹੁਤ ਵਧੀਆ ਦੋਸਤ ਬਣ ਗਏ ਸਨ।

ਮੈਂ ਉਸ ਬੱਚੇ ਵਾਰੇ ਸੋਚ ਰਿਹਾ ਸੀ ਕਿ ਉਹ ਦੋ ਸਾਲ ਦੀ ਉਮਰ ਵਿੱਚ ਹੀ ਆਪਣੇ ਪਰਿਵਾਰ ਤੋਂ ਦੂਰ ਹੋ ਗਿਆ, ਕਿਹੋ ਜਿਹੇ ਹਾਲਾਤ ਹੋਏ ਹੋਣੇ ਉਹਨਾਂ ਦਿਨਾਂ ਵਿੱਚ ? ਕਿੰਨਾ ਕੁਝ ਸਿਹਾ ਹੋਣਾ ਉਹ ਦਿਨਾਂ ਵਿੱਚ ਲੋਕਾਂ ਨੇ ? ਤੇ ਉਸ ਬੱਚੇ ਦੇ ਬਾਪ ਦੀ ਐਡੀ ਕੀ ਮਜਬੂਰੀ ਰਹੀ ਹੋਵੇ ਗੀ, ਜਿਸਨੇ ਆਪਣੇ ਬੱਚੇ ਨੂੰ ਆਪਣੇ ਆਪ ਤੋਂ ਦੂਰ ਕਰ ਦਿੱਤਾ ? ਇਹ ਸਾਰਿਆਂ ਸਵਾਲਾਂ ਨੇ ਮੇਰੇ ਦਿਲ ਵਿੱਚ ਘਰ ਜਿਹਾ ਕਰ ਲਿਆ। ਹੁਣ ਅੱਗੇ ਦੀ ਗੱਲ ਸੁਣਨ ਲਈ ਮੈਂ ਹੋਰ ਵੀ ਜ਼ਿਆਦਾ ਉਤਾਵਲਾ ਹੋ ਗਿਆ।

ਮੈਨੂੰ ਪਾਣੀ ਦੀ ਪਿਆਸ ਵੀ ਲੱਗ ਰਹੀ ਸੀ ਪਰ ਮੇਰਾ ਧਿਆਨ ਨਾਨੀ ਦੀਆਂ ਗੱਲਾਂ ਵਿੱਚ ਇੰਨਾਂ ਡੂੰਘਾ ਚਲਾ ਗਿਆ ਕਿ ਮੇਰਾ ਪਾਣੀ ਪੀਣ ਲਈ ਵੀ ਉੱਠਣ ਨੂੰ ਦਿਲ ਨਾ ਕੀਤਾ।

ਮੈਂ :- ਨਾਨੀ ਜੀ ਅੱਗੇ ਦੱਸੋ ਚੁੱਪ ਕਿਉਂ ਕਰ ਗਏ ?
ਨਾਨੀ :- ਪੁੱਤ ਸਮਾਂ ਬਹੁਤ ਹੋ ਗਿਆ ਤੇ ਬਾਕੀ ਗੱਲ ਫ਼ੇਰ ਦੱਸੂ ।
ਮੈਂ :- ਫ਼ੇਰ ਫ਼ੁਰ ਨੀ... ਨਾਨੀ ਹੁਣੇ ਦੱਸੋ ।
ਨਾਨੀ :- ਇੱਕ ਤਾਂ ਜ਼ਿੱਦੀ ਵਾਲਾ ਜ਼ਿਆਦਾ ਤੂੰ..... ਪੁੱਤ ਮੈਂ ਕੰਮ ਕਰਨੇ ਆ ਘਰ ਦੇ ਹੁਣ.... ਬਾਕੀ ਫ਼ੇਰ ਦੱਸੂ..... ਨਾਲੇ ਹੁਣ ਰੋਟੀ ਵੀ ਖਾ ਲੈ... ਮੈਂ ਲੈ ਕੇ ਆਉਂਦੀ ਆ।

ਮੈਂ :- ਨਾਨੀ ਰੋਟੀ ਤਾਂ ਮੈਂ ਆਪੇ ਪਾ ਕੇ ਖਾ ਲੈਣੀ... ਤੂੰ ਜ਼ਲਦੀ ਜ਼ਲਦੀ ਆਪਣੇ ਕੰਮ ਨਬੇੜ ਫ਼ੇਰ ਬਾਕੀ ਗੱਲ ਪੂਰੀ ਕਰੀ ਆਪਣੀ।
ਨਾਨੀ :- ਚੱਲ ਠੀਕ ਐ.... ਮੈਂ ਆਈ ਡੰਗਰਾਂ ਵੱਲ ਜਾਕੇ। ਤੂੰ ਰੋਟੀ ਖ਼ਾ ਲੈ ।
ਮੈਂ :- ਹਾਂਜੀ ਪਰ ਜਲਦੀ ਆਇਓ
ਨਾਨੀ ਡੰਗਰਾਂ ਵਾਲੇ ਵਾੜੇ ਵਿੱਚ ਚਲੀ ਗਈ ਤੇ ਮੈਂ ਰਸੋਈ ਵਿੱਚ । ਮੈਂ ਰੋਟੀ ਖਾਣ ਤੋਂ ਬਾਅਦ ਇੱਕ ਦੋ ਕੰਮ ਨਾਨੀ ਨਾਲ ਕਰਵਾ ਦਿੱਤੇ ।
ਮੈਂ ਨਾਨੀ ਨੂੰ ਬਾਹੋਂ ਫੜ ਅਪਣੇ ਕੋਲ ਬਿਠਾਉਣ ਲਈ ਖਿੱਚਿਆ ।
ਨਾਨੀ :- ਦੇਖੀਂ ਪੁੱਤ ਮਾਰੇ ਗਾਂ... ਮੈਨੂੰ ਐਵੇਂ ਨਾ ਖਿੱਚ ਹੁਣ ਏਨੀ ਜਾਨ ਨੀ ਰਹੀ ਮੇਰੇ ਚ । (ਮੇਰੀ ਨਾਨੀ ਨੇ ਆਪਣੀ ਬਾਹ ਨੂੰ ਮੇਰੇ ਕੋਲੋ ਛੁਡਾਉਂਦੇ ਕਿਹਾ) ।

ਮੈਂ ਵੀ ਉਸੇ ਵੇਲ੍ਹੇ ਬਾਂਹ ਛੱਡ ਦਿੱਤੀ । ਹੁਣ ਨਾਨੀ ਅੱਗੇ ਦੀ ਗੱਲ ਦੱਸਣ ਲਈ ਮੇਰੇ ਨਾਲ ਮੰਜੇ ਤੇ ਬੈਠ ਗਏ । ਤੇ ਦੱਸਣਾ ਸ਼ੁਰੂ ਕੀਤਾ...

.... ਉਸ ਬੱਚੇ ਦੇ ਆਉਣ ਨਾਲ ਪਹਿਲਾਂ ਤਾਂ ਬਚਿੱਤਰ ਸਿੰਘ ਬਹੁਤ ਡਰ ਗਿਆ ਸੀ ਕਿਉਂਕਿ ਉਹਨਾਂ ਦਿਨਾਂ ਵਿੱਚ ਬਹੁਤ ਹੀ ਜ਼ਿਆਦਾ ਮਾੜੇ ਹਾਲਾਤ ਸੀ। ਪਰ ਉਸਨੇ ਆਪਣੇ ਦੋਸਤ ਨੂੰ ਜੋ ਵਾਅਦਾ ਕੀਤਾ ਸੀ ਉਹ ਉਸ ਨੂੰ ਵੀ ਨਹੀਂ ਸੀ ਤੋੜ ਸਕਦਾ। ਕਿਤੇ ਉਸ ਨੂੰ ਏਹ ਵੀ ਸੀ ਕਿ ਉਹ ਸਿੱਖ ਹੈ ਤੇ ਉਸ ਨੂੰ ਕੋਈ ਕੁੱਝ ਨ੍ਹੀ ਸੀ ਕਹਿੰਦਾ ਤੇ ਜਵਾਕ ਹਾਲੇ ਬਹੁਤ ਛੋਟਾ ਹੈ ਏਹਦੇ ਵਾਰੇ ਕਿਸੇ ਨੂੰ ਕੀ ਪਤਾ ਲੱਗਣਾ।

ਉਸ ਬੱਚੇ ਨੂੰ ਦੇਖ ਬਚਿੱਤਰ ਦੀ ਘਰਵਾਲੀ ਜਿਸਦਾ ਨਾਮ ਕੁਲਵੰਤ ਕੌਰ ਸੀ, ਉਹ ਸਭ ਤੋਂ ਜ਼ਿਆਦਾ ਖੁਸ਼ ਸੀ ਕਿਉਂਕਿ ਉਸਦੇ ਵਿਆਹ ਨੂੰ ਬਹੁਤ ਸਾਲ ਹੋਏ ਸੀ ਪਰ ਰੱਬ ਨੇ ਅੱਜ ਤੱਕ ਉਹਨਾਂ ਨੂੰ ਬੱਚੇ ਦੀ ਦਾਤ ਨ੍ਹੀ ਸੀ ਬਖ਼ਸੀ। ਰੱਬ ਦੀ ਦੇਣ ਸਮਝ ਕੇ ਬਚਿੱਤਰ ਸਿੰਘ ਨੇ ਵੀ ਉਸ ਬੱਚੇ ਨੂੰ ਅਪਣਾ ਲਿਆ। ਕੁਲਵੰਤ ਕੌਰ ਉਸ ਬੱਚੇ ਨੂੰ ਮਾਂ ਦਾ ਪਿਆਰ ਦੇਣ ਲੱਗੀ ਤੇ ਹੁਣ ਉਸ ਬਿਨਾਂ ਸਾਹ ਵੀ ਨਾ ਲੈਂਦੀ। ਉਸ ਬੱਚੇ ਨੂੰ ਮਿਲਣ ਤੋਂ ਬਾਅਦ ਉਸ ਨੂੰ ਦੁਨੀਆਂ ਦੀ ਹੋਰ ਕੋਈ ਵੀ ਚੀਜ਼ ਦੀ ਜਿਵੇਂ ਲਾਲਸਾ ਹੀ ਖ਼ਤਮ ਹੋ ਗਈ ਸੀ। ਹੁਣ ਉਹ ਇਸ ਬੱਚੇ ਨੂੰ ਆਪਣੇ ਆਪ ਤੋਂ ਬਿਲਕੁਲ ਵੀ ਦੂਰ ਨਹੀਂ ਸੀ ਕਰਨਾ ਚਾਹੁੰਦੀ।

ਪਰ ਸ਼ਾਇਦ ਰੱਬ ਨੂੰ ਕੁੱਝ ਹੋਰ ਹੀ ਮਨਜੂਰ ਸੀ। ਪਹਿਲਾਂ ਘਰ ਵਿੱਚ ਬਚਿੱਤਰ ਦੇ ਨਾਲ ਉਸਦੀ ਘਰਵਾਲੀ ਤੇ ਉਹਦੀ ਮਾਂ ਰਹਿੰਦੇ। ਪਰ ਇਸ ਬੱਚੇ ਦੇ ਆਉਣ



www.PunjabiLibrary.com

ਤੋਂ ਬਾਅਦ ਇਹ ਬੱਚਾ ਵੀ ਇਸੇ ਘਰ ਦਾ ਇੱਕ ਜੀਅ ਬਣ ਗਿਆ। ਪਰ ਕਿਤੇ ਨਾ ਕਿਤੇ ਉਹਨਾਂ ਦੇ ਦਿਲ ਵਿੱਚ ਉਸ ਬੱਚੇ ਨੂੰ ਲੈ ਕੇ ਡਰ ਵੀ ਸੀ।

ਬਚਿੱਤਰ ਅਜੇ ਸੋਚ ਹੀ ਰਿਹਾ ਸੀ ਕਿ ਕਦੋਂ ਉਸਦਾ ਦੋਸਤ ਉਸ ਕੋਲ ਵਾਪਿਸ ਆਉ ਤੇ ਉਹ ਉਸ ਬੱਚੇ ਨੂੰ ਆਪਣੇ ਨਾਲ ਲੈ ਕੇ ਜਾਉ, ਇੰਨੇ ਨੂੰ ਉਸ ਨੂੰ ਬਾਹਰੋਂ ਕਿਸੇ ਦੀ ਆਵਾਜ਼ ਸੁਣਾਈ ਦਿੱਤੀ। ਬਚਿੱਤਰ ਨੂੰ ਲੱਗਿਆ ਕਿ ਇਹ ਉਸਦੇ ਉਸ ਦੋਸਤ ਦੀ ਹੀ ਆਵਾਜ਼ ਹੈ.... ਉਹ ਭੱਜਦਾ ਬੂਹੇ ਵੱਲ ਗਿਆ ਤੇ ਜਦੋਂ ਬਾਹਰ ਦੇਖਿਆ ਤਾਂ ਇਹ ਕੋਈ ਹੋਰ ਹੀ ਸੀ ਕੋਈ ਇੱਕ ਦੋ ਨਹੀਂ ਬਲਕਿ ਸੱਤ - ਅੱਠ ਆਦਮੀ ਸੀ,.. ਜਿਹਨਾਂ ਨੇ ਅਪਣਿਆਂ ਹੱਥਾਂ ਵਿੱਚ ਡਾਂਗਾਂ ਫੜ੍ਹੀਆਂ ਹੋਈਆਂ ਸੀ। ਬਚਿੱਤਰ ਉਹਨਾਂ ਨੂੰ ਦੇਖ ਡਰ ਗਿਆ ਤੇ ਡਰਦੇ ਡਰਦੇ ਉਸਨੇ ਪੁੱਛਿਆ ਕਿ ਤੁਸੀਂ ਕੌਣ ਹੋ ਤੇ ਕੀ ਲੈਣ ਆਏ ਹੋ ਏਥੇ?

ਉਹਨਾਂ ਬੰਦਿਆਂ ਵਿੱਚੋਂ ਇੱਕ ਬੰਦਾ ਬੋਲਿਆ, "ਤੈਨੂੰ ਪਤਾ ਹੀ ਆ ਕਿ ਅਸੀਂ ਕੀ ਲੈਣ ਆਏ ਹਾਂ"।

ਬਚਿੱਤਰ :- ਮੈਨੂੰ ਕੀ ਪਤਾ ਕੀ ਲੈਣ ਆਏ ਓ! ਜੇ ਦੱਸੋ ਗੇ ਕੁੱਝ ਮੈਨੂੰ ਤਾਹੀਓਂ ਪਤਾ ਲੱਗੂ।

ਬਚਿੱਤਰ ਨੂੰ ਜਿਸ ਗੱਲ ਦਾ ਡਰ ਸੀ ਉਸਨੂੰ ਓਹੀ ਹੁੰਦਾ ਨਜ਼ਰ ਆ ਰਿਹਾ ਸੀ ਉਸਨੂੰ ਮਨ ਹੀ ਮਨ ਵਿੱਚ ਪਤਾ ਸੀ ਕਿ ਉਹ ਐਥੇ ਬੱਚੇ ਨੂੰ ਹੀ ਲੈਣ ਆਏ ਨੇ।

ਉਹਨਾਂ ਬੰਦਿਆਂ ਵਿੱਚੋ ਇੱਕ ਬੋਲਿਆ, ਜੋ ਦੇਖਣ ਵਿੱਚ ਉਹਨਾਂ ਦਾ ਮੋਢੀ ਲੱਗ ਰਿਹਾ ਸੀ ਜਿਸਦਾ ਨਾਮ ਕਰਤਾਰ ਸਿੰਘ ਸੀ।

ਕਰਤਾਰ ਸਿੰਘ :- ਦੇਖ ਜਿਸ ਬੱਚੇ ਨੂੰ ਤੂੰ ਪਨਾਹ ਦਿੱਤੀ ਹੈ ਉਹ ਮੁਸਲਮਾਨਾਂ ਦਾ ਬੱਚਾ ਆ, ਕਿਤੇ ਏਹ ਨਾ ਹੋਵੇ ਉਹਨੂੰ ਬਚਾਉਂਦਾ ਬਚਾਉਂਦਾ ਤੂੰ ਅਪਣਾ ਘਰ ਪਰਿਵਾਰ ਗਵਾ ਬੈਠੇ। ਬਾਕੀ ਤੂੰ ਸਮਝਦਾਰ ਆ।

ਬਚਿੱਤਰ ਸਿੰਘ :- ਮੁਸਲਮਾਨ ਦਾ ਬੱਚਾ..? ਨਹੀਂ ਜੀ ਥੋਨੂੰ ਕੋਈ ਗ਼ਲਤ ਫਹਿਮੀ ਹੋਈ ਏ.... ਇਹ ਬੱਚਾ ਤਾਂ ਸਾਡਾ ਏ..। (ਬਚਿੱਤਰ ਉਹਨਾਂ ਸਾਹਮਣੇ ਅਣਜਾਣ ਬਣਨ ਦਾ ਨਾਟਕ ਕਰਨ ਲੱਗਾ)

ਕਰਤਾਰ ਸਿੰਘ :- ਜ਼ਿਆਦਾ ਨਾ ਬੋਲ.. ਸਾਨੂੰ ਸਭ ਪਤਾ... ਉਹ ਕਿਸ ਦੀ ਔਲਾਦ ਹੈ... ਤੂੰ ਚੁੱਪ ਕਰਕੇ ਬੱਚਾ ਸਾਡੇ ਹਵਾਲੇ ਕਰਦੇ... ਨ੍ਹੀ ਫ਼ੇਰ ਬਹੁਤ ਪਛਤਾਏ ਗਾਂ... ।

ਬੱਚਿਤਰ :- ਬਖਸ਼ ਦੋ ਜੀ... ਓਸ ਬੱਚੇ ਨੂੰ.. ਬਖਸ਼ ਦੋ... ਓਸ ਬੱਚੇ ਨੇ ਕੀ ਵਿਗਾੜਿਆ ਠੋਡਾ..? ਉਹਦੀ ਕੀ ਗ਼ਲਤੀ ਆ ਜੇ ਉਹ ਮੁਸਲਮਾਨਾਂ ਦਾ ਬੱਚਾ..? ਉਸ ਨਿਕੀ ਜੀ ਜਾਨ ਨੂੰ ਤਾਂ ਅਜੇ ਜਾਤ ਪਾਤ ਬਾਰੇ ਕੁੱਝ ਪਤਾ ਵੀ ਨਹੀਂ... ਥੋਨੂੰ ਰੱਬ ਦਾ ਵਾਸਤਾ... ਕਿਰਪਾ ਕਰਕੇ ਉਹਨੂੰ ਬਖਸ਼ ਦੇਵੋ... ।

ਬਚਿੱਤਰ ਨੇ ਉਹਨਾਂ ਨੂੰ ਬਹੁਤ ਮਿੰਨਤਾਂ ਕੀਤੀਆਂ ਪਰ ਉਸ ਦੀਆਂ ਪਾਈਆਂ ਅਰਜ਼ੀਆਂ ਦਾ ਉਹਨਾਂ ਸਾਰਿਆਂ ਤੇ ਕਿਸੇ ਵੀ ਕਿਸਮ ਦਾ ਕੋਈ ਵੀ ਅਸਰ ਨਹੀਂ ਹੋਇਆ... ਤੇ ਉਹ ਆਪਣੀ ਗੱਲ ਤੇ ਅੜੇ ਰਹੇ.. ਕਿ ਉਹਨਾਂ ਨੂੰ ਉਹ ਬੱਚਾ ਚਾਹੀਦਾ ਹੈ ਕਿਸੇ ਵੀ ਹਾਲਤ ਵਿੱਚ।
ਬਚਿੱਤਰ ਸਿੰਘ ਨੂੰ ਆਪਣੇ ਦੋਸਤ ਨਾਲ ਕੀਤਾ ਵਾਅਦਾ ਹੁਣ ਟੁੱਟਦਾ ਦਿਸ ਰਿਹਾ ਸੀ.. ਪਰ ਉਹ ਆਪਣੀ ਹਿੰਮਤ ਨਹੀਂ ਸੀ ਹਾਰ ਰਿਹਾ... ਉਹ ਵਾਰ ਵਾਰ ਉਹਨਾਂ ਮੂਹਰੇ ਦਹਾਈਆਂ ਪਾਉਂਦਾ ਰਿਹਾ...।

ਪਰ ਕਰਤਾਰ ਤੇ ਉਸਦੇ ਸਾਥੀ ਜਿਵੇਂ ਪੱਥਰ ਦਿਲ ਦੇ ਹੋਣ ਉਹਨਾਂ ਨੂੰ ਕੋਈ ਫ਼ਰਕ ਨਹੀਂ ਸੀ ਪੈ ਰਿਹਾ... ਅੰਤ ਜਦੋਂ ਬਚਿੱਤਰ ਬੱਚਾ ਦੇਣ ਲਈ ਨਾ ਮੰਨਿਆਂ ਤਾਂ ਕਰਤਾਰ ਤੇ ਉਸਦੇ ਸਾਥੀਆਂ ਨੇ ਉਸਨੂੰ ਧੱਕਾ ਮਾਰ ਪਰਾਂ ਸੁੱਟ ਦਿੱਤਾ ਤੇ ਬਚਿੱਤਰ ਜਾਕੇ ਉਹਨਾਂ ਦੇ ਘਰ ਦੇ ਚੁੱਲ੍ਹੇ ਵਾਲੇ ਓਟ ਤੇ ਜਾਕੇ ਵੱਜਿਆ ਤੇ ਉਸਦੇ ਸਿਰ ਤੇ ਬੰਨ੍ਹਿਆ ਹੋਇਆ ਪਰਨਾ ਖੁੱਲ ਗਿਆ ਉਸਦੇ ਸਾਰੇ ਬਾਲ ਜੋ ਖਿਲਰ ਗਏ, ਬਚਿੱਤਰ ਨੇ ਅਪਣਾ ਪਰਨਾ ਚੁੱਕਿਆ ਤੇ ਭੱਜ ਕੇ ਸਿੱਧਾ ਘਰ ਅੰਦਰ ਵੜ ਗਿਆ ਤੇ ਅੰਦਰੋਂ ਬੂਹੇ ਨੂੰ ਕੁੰਡੀ ਲਾ ਲਈ ਤਾਂ ਕਿ ਕੋਈ ਅੰਦਰ ਨਾ ਆ ਸਕੇ।
ਬਚਿੱਤਰ ਦੀ ਮਾਂ ਮੋਹਿੰਦਰ ਕੌਰ ਨੇ ਬਚਿੱਤਰ ਨੂੰ ਐਨੀ ਘਬਰਾਹਟ ਵਿੱਚ ਦੇਖ ਪੁੱਛਿਆ ਕਿ ਪੁੱਤ ਕੀ ਹੋਇਆ....? ਬਾਹਰ ਕੌਣ ਨੇ ਉਹ ਲੋਕ..? ਬਚਿੱਤਰ ਨੇ ਸਾਰੀ ਗੱਲ ਦੱਸ ਦਿੱਤੀ ਤੇ ਕਿਹਾ ਕਿ ਉਹ ਇਸ ਬੱਚੇ ਨੂੰ ਲੈਣ ਆਏ ਨੇ। ਬਚਿੱਤਰ

ਸਿੰਘ ਦੀ ਘਰਵਾਲੀ ਕੁਲਵੀਰ ਕੌਰ ਨੇ ਆਪਣੇ ਬੱਚੇ ਨੂੰ ਚੁੱਕ ਘੁੱਟ ਸੀਨੇ ਨਾਲ ਲਾ ਲਿਆ ਤੇ ਕਿਹਾ..

ਕੁਲਵੀਰ :- ਐਵੇਂ ਕਿਵੇਂ ਕੋਈ ਵੀ ਆਉ ਤੇ ਮੇਰਾ ਬੱਚਾ ਮੇਰੇ ਕੋਲੋਂ ਲੈ ਜਾਉ । ਇਸ ਬੱਚੇ ਨੂੰ ਮੈਂ ਆਪਣਾ ਹੀ ਬੱਚਾ ਸਮਝਿਆ ਤੇ ਮੈਂ ਇਸ ਨੂੰ ਅਪਣੇ ਕੋਲੋਂ ਦੂਰ ਨ੍ਹੀ ਕਰ ਸਕਦੀ।

ਬਚਿੱਤਰ ਦੀ ਮਾਂ ਮੋਹਿੰਦਰ ਕੌਰ ਬੋਲੀ

ਮੋਹਿੰਦਰ ਕੌਰ :- "ਪੁੱਤ ਦੇ ਦਿੰਦੇ ਆ ਬੱਚਾ.... ਉਹ ਲੋਕ ਬਹੁਤ ਖ਼ਤਰਨਾਕ ਹੋਣੇ.... ਨਾਲੇ ਹੁਣ ਤਾਂ ਸੋਚ ਕੇ ਵੀ ਡਰ ਲੱਗਦਾ ਹਾਲਾਤ ਤਾਂ ਦੇਖ ਕਿੰਨੇ ਖ਼ਰਾਬ ਹੋਏ ਪਏ ਨੇ ।

ਕੁਲਵੀਰ :- ਨਾ ਮੈਂ ਆਪਣਾ ਬੱਚਾ ਨੀ ਦੇ ਸਕਦੀ..। ਮੈਂ ਥੋਡੇ ਮੂਹਰੇ ਹੱਥ ਜੋੜ ਦੀ ਆ.. ਮੇਰੇ ਬੱਚੇ ਨੂੰ ਮੇਰੇ ਕੋਲੋਂ ਦੂਰ ਨਾ ਕਰਿਓ।( ਉਸਨੇ ਬੱਚੇ ਨੂੰ ਘੁੱਟ ਕੇ ਫ਼ੇਰ ਤੋਂ ਸੀਨੇ ਨਾਲ ਲਾ ਲਿਆ)

ਮੋਹਿੰਦਰ :- ਤੂੰ ਕੇਹੜਾ ਢਿੱਡੋਂ ਜੰਮਿਆ... , ਵੱਡੀ ਆਈ । ਨਾਲ਼ੇ ਬੱਚਾ ਮੁਸਲਮਾਨਾਂ ਦਾ ਏ , ਮੈਨੂੰ ਕਿਹੜਾ ਪਿਆਰ ਨੀ ਆਉਂਦਾ ਸੀ ਬੱਚੇ ਦਾ । ਨਾਲੇ ਮੁਸਲਮਾਨਾਂ ਨੇ ਕਿੰਨਾ ਕੁੱਝ ਕੀਤਾ ਅਪਣੇ ਨਾਲ । ਆਪਣੇ ਕਿੰਨੇ ਸਿੱਖ ਮਾਰੇ ਨੇ ਉਹਨਾਂ ਨੇ। (ਮੋਹਿੰਦਰ ਗੁੱਸੇ ਵਿੱਚ ਬੋਲੀ)

ਕੁਲਵੀਰ :- ਫ਼ੇਰ ਜੋ ਕੁੱਝ ਹੋ ਰਿਹਾ.... ਉਸ ਵਿੱਚ ਇਸ ਮਾਸੂਮ ਜਿਹੇ ਬੱਚੇ ਦਾ ਕੀ ਕਸੂਰ ਏ ? ਇਹਨੇ ਵੀ ਤਾਂ ਆਪਣਾ ਸਾਰਾ ਪਰਿਵਾਰ ਹੀ ਗਵਾ ਦਿੱਤਾ ਇਨ੍ਹਾਂ ਦੰਗਿਆਂ ਵਿੱਚ ।.... ਨਹੀਂ ਕੁੱਝ ਵੀ ਹੋਜੇ ਮੈਂ ਇਹ ਬੱਚਾ ਕਿਸੇ ਨੂੰ ਨੀ ਦੇ ਸਕਦੀ ।

ਦੋਵਾਂ ਦੀਆਂ ਗੱਲਾਂ ਸੁਣ ਰਿਹਾ ਬਚਿੱਤਰ ਵੀ ਫ਼ੇਰ ਬੋਲ ਪਿਆ...

ਬਚਿੱਤਰ :- ਹਾਂਜੀ... ਮੈ ਵੀ ਨੀ ਦੇ ਸਕਦਾ, ਮੈਂ ਵੀ ਇੰਨਾਂ ਵੱਡਾ ਪਾਪ ਨ੍ਹੀ ਕਰ ਸਕਦਾ । ਮੇਰੀ ਵੀ ਇੱਕ ਵਾਰੀ ਇਸਦੇ ਬਾਪੂ ਨੇ ਜਾਨ ਬਚਾਈ ਸੀ ਤੇ ਮੈਂ ਇੰਨਾਂ ਮਤਲਬੀ ਨਹੀਂ ਹੋ ਸਕਦਾ ਕਿ ਆਪਣੀ ਜਾਨ ਬਚਾਉਣ ਲਈ ਇਸ ਮਾਸੂਮ ਦੀ ਦੀ ਜਾਨ ਲੈ ਲਵਾਂ... ਨਹੀਂ ਮੈਂ ਐਵੇਂ ਨ੍ਹੀ ਕਰ ਸਕਦਾ । ਮੈਂ ਤਾਂ ਇਸਦੇ ਬਾਪੂ ਨਾਲ ਵਾਅਦਾ ਵੀ ਕੀਤਾ ਏ। ਨਹੀਂ ਮੈਂ ਨ੍ਹੀ ਦੇ ਸਕਦਾ ਬੱਚਾ।

ਇੰਨੇ ਨੂੰ ਬਾਹਰੋਂ ਕਿਸੇ ਨੇ ਕੁੰਡਾਂ ਖੜਕਾਇਆ ਤੇ ਉੱਚੀ ਉੱਚੀ ਆਵਾਜ਼ ਵਿੱਚ ਬਚਿੱਤਰ ਨੂੰ ਧਮਕੀਆਂ ਦਿੱਤੀਆਂ, ਇਹ ਆਵਾਜ਼ ਉਹਨਾਂ ਦੀ ਹੀ ਸੀ ਜੋ ਬਾਹਰ ਬੱਚੇ ਨੂੰ ਲੈਣ ਆਏ ਸੀ..। ਬਚਿੱਤਰ ਤੇ ਉਸਦੀ ਪਤਨੀ ਡਰੇ ਹੋਏ ਸਨ ਤੇ... ਮੋਹਿੰਦਰ ਕੌਰ ਵਾਰ ਵਾਰ ਕਹੀ ਜਾ ਰਹੀ ਸੀ ਕਿ ਉਸ ਬੱਚੇ ਨੂੰ ਉਹ ਦੇ ਦੇਣ ਪਰ ਬਚਿੱਤਰ ਤੇ ਕੁਲਵੀਰ ਨੇ ਉਸਦੀ ਇੱਕ ਨਾ ਸੁਣੀ...।

ਜਦੋਂ ਉਹਨਾਂ ਨੇ ਬਹੁਤੀ ਦੇਰ ਤੱਕ ਬੂਹਾ ਨਾ ਖੋਲ੍ਹਿਆ ਤਾਂ ਆਵਾਜ਼ ਆਉਣੀ ਬੰਦ ਹੋ ਗਈ... ਬਚਿੱਤਰ ਤੇ ਉਸਦੇ ਪਰਿਵਾਰ ਨੂੰ ਲੱਗਿਆ ਕਿ ਉਹ ਜੋ ਇਸ ਬੱਚੇ ਨੂੰ ਲੈਣ ਆਏ ਸਨ ਉਹ ਹੁਣ ਐਥੋਂ ਚਲੇ ਗਏ...।

ਪਰ ਕਰਤਾਰ ਤੇ ਉਸਦੇ ਸਾਥੀਆਂ ਨੇ ਬੜੀ ਹੀ ਬੇਰਹਿਮੀ ਨਾਲ ਬਚਿੱਤਰ ਦੇ ਘਰ ਨੂੰ ਬਾਹਰੋਂ ਤੇਲ ਛਿੜਕ ਕੇ ਅੱਗ ਲਾ ਦਿੱਤੀ ਇਹ

ਅੱਗ ਏਨੀ ਤੇਜ਼ ਭਿਆਨਕ ਸੀ ਕਿ ਓਹਨਾਂ ਨੂੰ ਇਸਤੋਂ ਪਹਿਲਾਂ ਕੁੱਝ ਸਮਝ ਆਵੇ ਉਹ ਅੱਗ ਪੂਰੇ ਘਰ ਨੂੰ ਚੜ੍ਹ ਗਈ। ਬਚਿੱਤਰ ਨੇ ਜਾਨ ਬਚਾਉਣ ਲਈ ਬੂਹਾ ਖੋਲ੍ਹਣ ਦੀ ਕੋਸ਼ਿਸ ਕੀਤੀ ਪਰ ਇਸ ਬੂਹੇ ਨੂੰ ਹੁਣ ਬਾਹਰੋਂ ਕਿਸੇ ਨੇ ਕੁੰਡੀ ਲਾ ਦਿੱਤੀ ਸੀ... ਅੰਦਰ ਧੂਆਂ ਹੀ ਧੂਆਂ ਹੋ ਗਿਆ ਤੇ ਉਹਨਾਂ ਨੂੰ ਅੰਦਰ ਸਾਹ ਲੈਣਾ ਮੁਸ਼ਕਿਲ ਹੁੰਦਾ ਜਾ ਰਿਹਾ ਸੀ ..। ਬਚਿੱਤਰ ਤੇ ਉਸਦੇ ਪਰਿਵਾਰ ਨੂੰ ਹੁਣ ਬਚਣ ਦੀ ਉਮੀਦ ਹੀ ਖ਼ਤਮ ਹੋ ਗਈ ਤੇ ਸਾਰਾ ਘਰ ਅੱਗ ਦੀ ਲਪੇਟ ਵਿੱਚ ਰਾਖ ਹੋ ਗਿਆ...। ਕੁਲਵੀਰ ਨੇ ਮਰਦੇ ਮਰਦੇ ਵੀ ਉਸ ਬੱਚੇ ਨੂੰ ਆਪਣੇ ਆਪ ਤੋਂ ਦੂਰ ਨਾ ਕੀਤਾ। ਓਦੋਂ ਤਾਂ ਘਰ ਵੀ ਕੱਚੇ ਤੇ ਛੱਤਾਂ ਵੀ ਪਰਾਲੀ ਤੇ ਫੂੰਸਾਂ ਨਾਲ ਬਣ ਦੀਆਂ ਸੀ। ਉਸ ਹੱਸਦੇ ਵੱਸਦੇ ਪਰਿਵਾਰ ਨੂੰ ਰਾਖ਼ ਬਣਨ ਵਿੱਚ ਕੋਈ ਬਹੁਤਾ ਸਮਾਂ ਨਾ ਲੱਗਿਆ।

ਉਹਨਾਂ ਦਿਨਾਂ ਵਿੱਚ ਕਿਵੇਂ ਕੁੱਝ ਘਟੀਆ ਸੋਚ ਵਾਲਿਆਂ ਨੇ ਇੱਕ ਦੂਜੇ ਨੂੰ ਮਾਰਿਆ। ਅੰਗਰੇਜ਼ ਇਸ ਦੇਸ਼ ਨੂੰ ਤਾਂ ਛੱਡ ਗਏ ਪਰ ਉਨ੍ਹਾਂ ਨੇ ਜੋ ਇਸ ਦੇਸ਼ ਤੇ ਇੱਥੇ ਦੇ ਲੋਕਾਂ ਦੇ ਦਿਲਾਂ ਵਿੱਚ ਜੋ ਲੀਕ ਖਿੱਚੀ ਉਹ ਅੱਜ ਤੱਕ ਅਸੀਂ ਮਿਟਾ ਨ੍ਹੀ ਸਕੇ।

ਇੰਨਾਂ ਕੁੱਝ ਸੁਣਾ ਕੇ ਨਾਨੀ ਜੀ ਨੇ ਬੁੱਲ੍ਹਾਂ ਤੇ ਚੁੱਪ ਧਾਰ ਲਈ ਤੇ ਉਹਨਾਂ ਦੀਆਂ ਅੱਖਾਂ ਵਿੱਚੋਂ ਅੱਥਰੂ ਕਿਰ ਰਹੇ ਸੀ।



www.PunjabiLibrary.com

ਮੈਂ ਵੀ ਅਪਣੇ ਹੰਝੂਆਂ ਨੂੰ ਵਹਿਣ ਤੋਂ ਨਹੀਂ ਸੀ ਰੋਕ ਪਾਇਆ।ਇਹ ਤਾਂ ਅਜੇ ਮੈਂ ਇੱਕ ਪਰਿਵਾਰ ਦਾ ਹੀ ਦਰਦ ਸੁਣਿਆ ਸੀ ਤੇ ਹੋਰ ਪਤਾ ਹੀ ਨਹੀਂ ਕਿੰਨੇ ਕੁ ਪਰਿਵਾਰ ਏਹੋ ਜਿਹੇ ਹੋਣੇ ਜਿਹਨਾਂ ਨੇ ਆਪਣੀ ਜਾਨ ਉਹਨਾਂ ਦਿਨਾਂ ਵਿੱਚ ਗਵਾਈ.....

ਮੈਂ ਆਪਣਿਆਂ ਹੱਥਾਂ ਨਾਲ ਆਪਣੇ ਹੰਝੂ ਰੋਕਦਾ ਹੋਇਆ ਬੋਲਿਆ,....

ਮੈਂ :- ਨਾਨੀ ਜੋ ਮੈਂ ਖੰਡਰ ਦੇਖਿਆ ਸੀ ਕੀ ਇਹ ਉਹੀ ਘਰ ਆ...?

ਨਾਨੀ :- ਹਾਂ ਪੁੱਤ ਉਹੀ ਆ....।

ਮੈਂ :- ਫ਼ੇਰ ਨਾਨੀ ਜੇ ਉਹ ਸਾਰਾ ਘਰ ਹੀ ਅੱਗ ਵਿੱਚ ਮੱਚ ਗਿਆ ਸੀ ਤਾਂ ਫ਼ੇਰ ਇਹ ਖੰਡਰ ਤਾਂ ਵਧੀਆ ਮਕਾਨ ਜਿਹਾ ਬਣਿਆ ਪਿਆ ਅੱਜ ਵੀ... ਉਹ ਕਿਵੇਂ..?

ਨਾਨੀ :- ਉਸ ਹਾਦਸੇ ਤੋਂ ਬਾਅਦ ... ਐਥੇ ਕਿੰਨੇ ਸਾਲ ਤਾਂ ਇਹ ਜਗ੍ਹਾ ਖ਼ਾਲੀ ਪਈ ਰਹੀ ਤੇ ਫ਼ੇਰ ਕਿਸੇ ਇੱਕ ਆਦਮੀ ਨੇ ਐਥੇ ਕਬਜ਼ਾ ਕਰ ਲਿਆ ਤੇ ਏਥੇ ਮਕਾਨ ਪਾ ਲਿਆ ਤੇ ਇੱਕ ਪਰਿਵਾਰ ਨੂੰ ਵੇਚ ਦਿੱਤਾ.... ਉਹ ਪਰਿਵਾਰ ਵਿੱਚ ਪੰਜ ਜੀਅ ਸੀ... ਤੇ ਦੋ ਤਿੰਨ ਮਹੀਨਿਆਂ ਵਿੱਚ ਉਹਨਾਂ ਸਾਰੇ ਜੀਆਂ ਦੀ ਵਾਰੀ ਸਿਰ ਮੌਤ ਹੋ ਗਈ...ਤੇ ਮੌਤ ਦਾ ਕਾਰਨ ਅੱਜ ਤੱਕ ਨ੍ਹੀ ਕਿਸੇ ਨੂੰ ਵੀ ਪਤਾ ਲੱਗਾ... ਤੇ ਪਿੰਡ ਆਲੇ ਸਾਰੇ ਕਹਿੰਦੇ ਨੇ ਕਿ ਓਥੇ ਭੂਤਾਂ ਦਾ ਵਾਸ ਹੈ...।

ਉਹਨਾਂ ਦੀ ਮੌਤ ਦੀ ਖ਼ਬਰ ਸਭ ਕਿਤੇ ਅੱਗ ਵਾਂਗ ਫੈਲ ਗਈ ਤੇ ਸਾਰੇ ਓਥੇ ਜਾਣ ਤੋਂ ਡਰਨ ਲੱਗੇ... ਕਿੰਨੇ ਹੀ ਸਾਲ ਓਥੇ ਕੋਈ ਨ੍ਹੀ ਗਿਆ... ਤੇ ਫ਼ੇਰ ਇੱਕ ਆਦਮੀ ਹੋਰ ਉਸ ਘਰ ਨੂੰ ਖਰੀਦਣ ਆਇਆ ਤੇ ਮੁੜ ਉਹ ਕਦੇ ਕਿਸੇ ਨੂੰ ਦਿਖਾਈ ਨਾ ਦਿੱਤਾ... ਇਸੇ ਲਈ ਸਾਰੇ ਸ਼ਾਮ ਤੋਂ ਬਾਅਦ ਓਧਰ ਵੱਲ ਜਾਣ ਤੋਂ ਡਰਦੇ ਨੇ ਤੇ ਕਈ ਤਾਂ ਰਾਤ ਨੂੰ ਓਧਰ ਵੱਲ ਨੂੰ ਮੂੰਹ ਕਰਕੇ ਵੀ ਨ੍ਹੀ ਸੌਂਦੇ...। ਬਸ ਇਹੀ ਕਾਰਨ ਹੈ ਕਿ ਤੈਨੂੰ ਅਸੀਂ ਓਧਰ ਜਾਣ ਤੋਂ ਰੋਕ ਦੇ ਹਾਂ... ।

ਮੈਂ :- ਵੈਸੇ ਨਾਨੀ ਨਾਲ਼ੇ ਮੇਰੀ ਮੰਮੀ ਕਹਿੰਦੀ ਹੁੰਦੀ ਆ ਕਿ ਕੋਈ ਵੀ ਭੂਤ ਭਾਤ ਨ੍ਹੀ ਹੁੰਦੇ..।

ਨਾਨੀ :- ਪੁੱਤ ਮੰਨਦੀ ਤਾਂ ਮੈਂ ਵੀ ਨ੍ਹੀ .... ਪਰ ਇਹ ਵੀ ਹੋ ਸਕਦਾ ਹੈ ਕਿ ਓਥੇ ਕੋਈ ਚੋਰ ਉਚੱਕੇ ਲੁੱਕ ਕੇ ਬੈਠ ਦੇ ਹੋਣ ਜਿਹਨਾਂ ਨੇ ਇਹ ਅਫਵਾਹਾਂ ਫੈਲਾਈਆਂ ਹੋਣ.... । ਦਿਲ ਤਾਂ ਡਰਦਾ ਹੀ ਆ ਤਾਹੀਓਂ ਨ੍ਹੀ ਤੈਨੂੰ ਜਾਣ ਦਿੰਦੇ ਹੁਣ ਰੱਬ ਹੀ ਜਾਣਦਾ ਵੀ ਓਥੇ ਕੀ ਐ ਕੀ ਨਹੀਂ.... ।

ਮੈਂ :- ਫ਼ੇਰ ਨਾਨੀ ਉਹ ਬਚਿੱਤਰ ਵਾਲੀ ਖ਼ਬਰ ਵੀ ਅਫ਼ਵਾਹ ਹੋ ਸਕਦਾ ਆ...?

ਨਾਨੀ :- ਨਾ ਪੁੱਤ ਉਹ ਤਾਂ ਸਭ ਸੱਚ ਆ.... ਇਹ ਇੱਕ ਪਰਿਵਾਰ ਹੀ ਨਹੀਂ ਬਲਕਿ ਬਹੁਤ ਅਜਿਹੇ ਘਰ ਨੇ ਜਿਹੜੇ ਓਸ ਸਮੇਂ ਬਰਬਾਦ ਹੋ ਗਏ.... ।

ਮੈਂ :- ਅੱਛਾ...! " ਕਿੰਨੇ ਕੁ ਘਰ ਹੋਣੇ ਨਾਨੀ....?

ਨਾਨੀ :-.... ਬਹੁਤ ਘਰ ਨੇ 'ਪੁੱਤ, ਜਿਹਨਾਂ ਦੀ ਗਿਣਤੀ ਕਰਨੀ ਵੀ ਬਹੁਤ ਔਖੀ ਆ...... ਜਿੱਥੇ ਕਦੇ ਸੁਖੀ ਪਰਿਵਾਰ ਵੱਸਦੇ ਸੀ ਤੇ ਹੁਣ ਉਹ ਖੰਡਰ ਬਣ ਗਏ। ਕਈ ਜਗ੍ਹਾ ਤੇ ਤਾਂ ਲੋਕਾਂ ਨੇ ਉਥੇ ਨਵੇਂ ਘਰ ਬਣਾ ਲਏ ਤੇ ਕਈਆਂ ਤੇ ਲੋਕੀਂ ਖੇਤੀ ਕਰਨ ਲੱਗੇ।

ਉਹ ਘਰ ਅੱਜ ਵੀ ਓਵੇਂ ਹੀ ਖੜ੍ਹਾ ਹੈ ਕਿਉਂਕਿ ਲੋਕਾਂ ਦਾ ਮੰਨਣਾ ਹੈ ਕਿ ਓਥੇ ਰਾਤ ਨੂੰ ਕਈ ਆਵਾਜ਼ਾਂ ਸੁਣਾਈ ਦਿੰਦੀਆਂ ਨੇ ਤੇ ਓਥੇ ਜਾਣ ਤੋਂ ਸਾਰੇ ਡਰਦੇ ਨੇ। ਤੇ ਲੋਕ ਆਪਣੇ ਬੱਚਿਆਂ ਨੂੰ ਖੇਡਣ ਲਈ ਵੀ ਨੀ ਓਥੇ ਭੇਜ ਦੇ । ਇਸੇ ਲਈ ਸਾਰੇ ਪਿੰਡ ਵਿੱਚ ਉਸ ਘਰ ਨੂੰ ਖੂਨੀ ਖੰਡਰ ਕਹਿੰਦੇ ਨੇ...। ਬੇਸ਼ਕ ਇਸ ਗੱਲ ਨੂੰ ਬਹੁਤ ਸਮਾਂ ਹੋ ਗਿਆ ਹੈ, ਪਰ ਉਸ ਅੱਗ ਦੀਆਂ ਲਾਟਾਂ ਨੂੰ ਯਾਦ ਕਰ ਅੱਜ ਵੀ ਮੇਰੀਆਂ ਅੱਖਾਂ ਵਿਚੋਂ ਪਾਣੀ ਨਿਕਲ ਆਉਂਦਾ ।
ਮੈਂ ਇਸ ਘਰ ਵਿੱਚ ਜਦ ਨਵੀਂ ਵਿਆਹੀ ਆਈ ਸੀ.... ਤਾਂ ਮੈਂ ਵੀ ਆਪਣੇ ਖੇਤਾਂ ਵਿੱਚ ਕੰਮ ਕਰਨ ਲਈ ਅਪਣੀ ਸੱਸ ਨਾਲ ਗਈ ਸੀ ਤੇ ਮੇਰੇ ਮਨ ਵਿੱਚ ਵੀ ਉਸ ਖੰਡਰ ਨੂੰ ਦੇਖ ਇਹ ਸਾਰੇ ਸਵਾਲ ਆਏ ਸੀ, ਉਦੋਂ ਫਿਰ ਮੈਨੂੰ ਮੇਰੇ ਸਾਰੇ ਸਵਾਲਾਂ ਦੇ ਜਵਾਬ ਤੇਰੇ ਨਾਨੇ ਨੇ ਦਿੱਤੇ ਸੀ ਤੇਰੇ ਨਾਨੇ ਦੀ ਉਮਰ ਉਦੋਂ ਬਹੁਤ ਛੋਟੀ ਸੀ ਉਹਨਾਂ ਨੇ ਸਾਰਾ ਕੁੱਝ ਆਪਣੀਆਂ ਅੱਖਾਂ ਨਾਲ ਦੇਖਿਆ ਸੀ। ਮੇਰਾ ਬਾਪੂ ਵੀ ਉਹਨਾਂ ਦੰਗਿਆਂ ਵਿੱਚ ਹੀ ਮਾਰਿਆ ਗਿਆ ਸੀ....।

ਨਾਨੀ ਬੋਲਦੀ ਬੋਲਦੀ ਰੋਣ ਲੱਗ ਪਈ.... , ਨਾਨੀ ਨੇ ਅਪਣੇ ਅੱਥਰੂ ਪੂੰਝੇ ਤੇ ਉੱਠ ਪਾਣੀ ਲੈਣ ਚਲੀ ਗਈ। ਉਸਦੇ ਰਸੋਈ ਵਿੱਚ ਜਾਣ ਸਾਰ ਹੀ ਮੈਂ ਓਥੋਂ ਭੱਜ ਓਸੇ ਖੰਡਰ ਵੱਲ ਚਲਾ ਗਿਆ ਤੇ ਆਪਣੇ ਖੇਤ ਵਿੱਚ ਬੈਠ ਉਸ ਖੰਡਰ ਨੂੰ ਦੇਖਣ ਲੱਗ ਗਿਆ । ਮੇਰੇ ਮਨ ਵਿੱਚ ਡਰ ਵੀ ਸੀ ਹੁਣ... ਮੈਂ ਇਸੇ ਲਈ ਬਹੁਤ ਦੂਰ ਬੈਠਾ ਉਸ ਖੰਡਰ ਵੱਲ ਦੇਖੀ ਜਾ ਰਿਹਾ ਸੀ।

ਓਥੇ ਹੁਣ ਇੱਕ ਮੋਰ ਵੀ ਪੈਲ ਪਾ ਰਿਹਾ ਸੀ , ਪਰ ਉਸਨੂੰ ਦੇਖ ਮੈਨੂੰ ਜਮਾਂ ਵੀ ਖੁਸ਼ੀ ਨਾ ਹੋਈ । ਮੈਂ ਬਹੁਤ ਸਮੇਂ ਤੱਕ ਬੈਠਾ ਉਸ ਖੰਡਰ ਵੱਲ ਦੇਖ ਸੋਚੀ ਗਿਆ.. ਕਿ ਐਥੇ ਕਦੇ ਹੱਸਦਾ ਵੱਸਦਾ ਘਰ ਹੁੰਦਾ ਸੀ । ਮੈਂ ਕੱਲਾ ਬੈਠਾ ਸੋਚ ਰਿਹਾ ਸੀ ਕਿ ਲੋਕੀਂ ਕਿਹੜੀ ਅਜ਼ਾਦੀ ਦਾ ਜਸ਼ਨ ਮਨਾਉਂਦੇ ਨੇ ਉਹਨਾਂ ਦਿਨਾਂ ਵਿੱਚ ਕਈ ਲੋਕਾਂ ਨੇ ਆਪਣੇ ਘਰ ਪਰਿਵਾਰ ਗਵਾਏ। ਜਿਸ ਦਿਨ ਲੋਕੀਂ ਆਪਣਾ ਵਤਨ ਆਪਣੀ ਮਿੱਟੀ ਤੋਂ ਵੱਖ ਹੋਏ। ਆਪਾਂ ਤਾਂ ਸਿਰਫ਼ ਅੰਗਰੇਜਾਂ ਤੋ ਹੀ ਅਜ਼ਾਦ ਹੋਏ ਜਦਕਿ ਜਿਹੜੀ ਗੰਦੀ ਸੋਚ ਤੋਂ ਅਜ਼ਾਦ ਹੋਣਾ ਚਾਹੀਦਾ ਸੀ ਉਹ ਕਿਤੇ ਨਾਂ ਕਿਤੇ ਅੱਜ ਵੀ ਲੋਕਾਂ ਕੋਲ ਹੈ। ਸ਼ਹੀਦਾਂ ਨੇ ਜੋ ਸੋਚ ਦੇਸ਼ ਨੂੰ ਆਜ਼ਾਦ ਕਰਵਾਇਆ ਜੇ ਹੁਣ ਉਹ ਦੇਖਣ ਤਾਂ ਉਹਨਾਂ ਨੂੰ ਕਿੰਨਾ ਅਫ਼ਸੋਸ ਹੋਣਾ। ਕਿਤੇ ਨਾ ਕਿਤੇ ਅੱਜ ਵੀ ਲੋਕੀਂ ਗੁਲਾਮ ਨੇ ਕੋਈ ਗੰਦੀ ਸੋਚ ਦਾ ਗੁਲਾਮ ਕੋਈ ਪੈਸੇ ਦਾ ਗੁਲਾਮ ਅੱਜ ਲੋਕੀਂ ਅਪਣੇ ਹੀ ਆਪਣੀਆਂ ਤੋਂ ਮੱਚ ਰਹੇ ਨੇ। ਸਾਰਾ ਕੁੱਝ ਸੋਚਦਾ ਸੋਚਦਾ ਕਦੋਂ ਦਿਨ ਤੋਂ ਸ਼ਾਮ ਹੋਈ ਪਤਾ ਨਾ ਲੱਗਾ ਤੇ ਨਾਨਾ ਵੀ ਮੈਨੂੰ ਲੱਭਦਾ ਲੱਭਦਾ ਖੇਤ ਵੱਲ ਆਇਆ ਤੇ ਮੈਨੂੰ ਘਰ ਲੈ ਗਿਆ।

ਗੁਰਦੀਪ ਰੱਖੜਾ



www.PunjabiLibrary.com

ਇਹ ਕਹਾਣੀ ਸਿਰਫ਼ ਇੱਕ ਕਾਲਪਨਿਕ ਕਹਾਣੀ ਹੈ, ਤੇ ਇਸ ਕਹਾਣੀ ਦਾ ਮਕਸਦ ਸਿਰਫ਼ ਅਜ਼ਾਦੀ ਵੇਲ਼ੇ ਹੋਏ ਕਤਲੇਆਮ ਵਿੱਚ ਮਾਰੇ ਗਏ ਲੋਕਾਂ ਦੇ ਦਰਦ ਨੂੰ ਬਿਆਨ ਕਰਨਾ ਹੈ। ਇਸ ਵਿੱਚ ਕਿਸੇ ਵੀ ਅੰਧ-ਵਿਸ਼ਵਾਸ ਨੂੰ ਵਧਾਵਾ ਨਹੀਂ ਦਿੱਤਾ ਗਿਆ ਹੈ। ਤੇ ਕਿਸੇ ਵੀ ਜਾਤੀ, ਧਰਮ ਜਾਂ ਸਮੂਹ ਨੂੰ ਨੀਚਾ ਦਿਖਾਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ।

ਨੋਟ :- ਇਸ ਕਹਾਣੀ ਦੇ ਸਬੰਧ ਵਿੱਚ ਤੁਸੀਂ ਆਪਣੇ ਵਿਚਾਰ ਸਾਡੇ ਨਾਲ ਸਾਂਝੇ ਕਰ ਸਕਦੇ ਹੋ ਜੀ। ਤੇ ਤੁਸੀਂ ਸਾਡੇ ਨਾਲ ਸਾਡੇ ਵੱਟਸਆਪ (whatsapp) ਤੇ ਜਾਂ ਇੰਨਸਟਾਗ੍ਰਾਮ (instagram) ਤੇ ਵੀ ਜੁੜ ਸਕਦੇ ਓ ਜੀ ਤੇ ਸਾਨੂੰ ਮੈਸੇਜ਼ ਭੇਜ ਸਕਦੇ ਓ ਜੀ ਜਾਂ ਫੇਰ ਕਾਲ ਕਰ ਸਕਦੇ ਓ ਜੀ।

ਇਸ ਕਹਾਣੀ ਨੂੰ ਪੜ੍ਹਨ ਲਈ ਮੈਂ ਆਪ ਸਭ ਦਾ ਦਿਲੋਂ ਧੰਨਵਾਦ ਕਰਦਾ

ਵਲੋਂ :- ਗੁਰਦੀਪ ਰੱਖੜਾ

ਵਟਸਆਪ ਨੰਬਰ (WhatsApp number ) :- +91 9465666693
ਇੰਨਸਟਾਗ੍ਰਾਮ (instagram) :- @deep_jazbati
@gurdeep_rakhra